## ਅਧਿਆਇ 8

# ਸੱਤਵੀਂ ਮੋਹਰ ਅਤੇ ਪਹਿਲੀਆਂ ਚਾਰ ਤੁਰ੍ਹੀਆਂ

ਅਧਿਆਇ 6 ਵਿੱਚ ਪਹਿਲੀਆਂ ਛੇ ਤੁਰ੍ਹੀਆਂ ਬਹੁਤ ਥੋੜ੍ਹੇ-ਥੋੜ੍ਹੇ ਵਕਫੇ ਵਿੱਚ ਇੱਕ ਤੋਂ ਬਾਅਦ ਇੱਕ ਕਰਕੇ ਤੋੜ ਦਿੱਤੀਆਂ ਗਈਆਂ। ਫਿਰ ਅਧਿਆਇ 7 ਵਿੱਚ ਦਰਸ਼ਣ ਥੋੜ੍ਹਾ ਰਾਹ ਬਦਲ ਲੈਂਦਾ ਹੈ, ਜਿਸ ਵਿੱਚ ਧਰਤੀ ਉੱਤੇ ਪਰਮੇਸ਼ੁਰ ਦੇ ਲੋਕਾਂ ਉੱਤੇ ਮੋਹਰ ਲਗਾਈ ਜਾਂਦੀ ਹੈ ਅਤੇ ਫਿਰ ਉਹ ਸੁਰਗ ਵਿੱਚ ਸਿੰਘਾਸਣ ਦੇ ਸਾਹਮਣੇ ਅਨੰਦ ਕਰਦੇ ਹੋਏ ਦਿਖਾਈ ਦਿੰਦੇ ਹਨ। ਅਧਿਆਇ 8 ਮੂਲ ਮੁੱਦੇ ’ਤੇ ਵਾਪਿਸ ਆਉਂਦਾ ਹੈ ਜਿਸ ਵਿੱਚ ਸੱਤਵੀਂ ਮੋਹਰ ਤੋੜੀ ਜਾਂਦੀ ਹੈ।

ਇਸ ਅਧਿਆਇ ਦਾ ਅਰੰਭ ਸੱਤਵੀਂ ਮੋਹਰ ਦੇ ਤੋੜੇ ਜਾਣ ਨਾਲ ਹੁੰਦਾ ਹੈ, ਜੋ ਸਾਨੂੰ ਸੱਤ ਤੁਰ੍ਹੀਆਂ ਵੱਲ ਲੈ ਜਾਂਦੀ ਹੈ। ਪਰਕਾਸ਼ ਦੀ ਪੋਥੀ ਵਿੱਚ ਅੱਗੇ ਚੱਲ ਕੇ ਸੱਤਵੀਂ ਤੁਰ੍ਹੀ ਦੇ ਫੂਕੇ ਜਾਣ ਨਾਲ ਕ੍ਰੋਧ ਦੇ ਸੱਤ ਕਟੋਰੇ ਉਡੇਲੇ ਜਾਣ ਦੀ ਤਿਆਰੀ ਹੁੰਦੀ ਹੈ (ਅਧਿਆਇ 15; 16)।

ਤੁਰ੍ਹੀਆਂ ਨਾ ਕੇਵਲ ਸੱਤਵੀਂ ਮੋਹਰ ਦੇ ਤੁਰੰਤ ਬਾਅਦ ਆਉਂਦੀਆਂ ਹਨ; ਸਗੋਂ ਇਨ੍ਹਾਂ ਨੂੰ ਸੱਤਵੀਂ ਮੋਹਰ ਦੀ ਮੁੱਢਲੀ ਕਿਰਿਆ ਵੀ ਆਖਿਆ ਜਾ ਸਕਦਾ ਹੈ। ਕੁਝ ਵਿਆਖਿਆਕਾਰ ਮੰਨਦੇ ਹਨ ਕਿ ਸੱਤਵੀਂ ਮੋਹਰ ਦੀ ਕਿਰਿਆ ਆਇਤ 1 ਵਿੱਚ ਪੂਰੀ ਹੁੰਦੀ ਹੈ ਅਤੇ ਮੋਹਰ ਤੋੜੇ ਜਾਣ ਵੇਲੇ ਕੇਵਲ ਚੁੱਪੀ ਛਾ ਜਾਂਦੀ ਹੈ। ਇਹ ਵਿਆਖਿਆ ਸੰਭਵ ਜਾਪਦੀ ਹੈ, ਪਰ ਸੰਦਰਭ ਇਸ ਵਿਚਾਰ ਨੂੰ ਵਧੇਰੇ ਸਹੀ ਦਰਸਾਉਂਦਾ ਹੈ ਕਿ ਸੱਤਵੀ ਮੋਹਰ ਦੀ ਕਿਰਿਆ ਜਾਰੀ ਰਹਿੰਦੀ ਹੈ। ਆਇਤ 5 ਵਿਚਲੀ ਸਮਾਪਨ ਦੇ ਸ਼ਬਦਾਂ ਵਾਲੀ ਭਾਸ਼ਾ ਸੱਤਵੀਂ ਤੁਰ੍ਹੀ ਦੇ ਵਜਾਏ ਜਾਣ (11:19) ਅਤੇ ਸੱਤਵੇਂ ਕਟੋਰੇ ਦੇ ਉਡੇਲੇ ਜਾਣ (16:18-21) ਵੇਲੇ ਦੇ ਸਮਾਪਨ ਦੇ ਨਾਲ ਮੇਲ ਖਾਂਦੀ ਹੈ। ਇਹ ਸਮਾਨਤਾਵਾਂ ਸੰਕੇਤ ਕਰਦੀਆਂ ਹਨ ਕਿ ਸੱਤਵੀਂ ਮੋਹਰ ਦੀ ਕਿਰਿਆ ਘੱਟੋ ਘੱਟ ਆਇਤ 5 ਤੱਕ ਜਾਰੀ ਰਹਿੰਦੀ ਹੈ – ਜਿਸ ਵਿੱਚ ਆਇਤ 2 ਵੀ ਸ਼ਾਮਲ ਹੈ, ਜਿੱਥੇ ਦੂਤਾਂ ਨੂੰ ਸੱਤ ਤੁਰ੍ਹੀਆਂ ਸੌਂਪੀਆਂ ਜਾਂਦੀਆਂ ਹਨ।

ਫ੍ਰੈਂਕ ਪੈਕ ਨੇ ਸੁਝਾਓ ਦਿੱਤਾ ਕਿ “ਸੱਤਵੀ ਮੋਹਰ ਦਾ ਵਿਸ਼ਾ ਵਸਤੂ ਸੱਤਾਂ ਤੁਰ੍ਹੀਆਂ ਦਾ ਪੂਰਾ ਸਮੂਹ ਹੈ।”[1] ਜਿਮ ਮੈਕ੍ਗੀਗਨ ਨੇ ਜ਼ੋਰ ਦਿੱਤਾ ਕਿ “ਸੱਤਵੀਂ ਮੋਹਰ ਵਿੱਚ ਸੱਤ ਤੁਰ੍ਹੀਆਂ ਸ਼ਾਮਲ ਹਨ, ਅਤੇ ਸੱਤਵੀਂ ਤੁਰ੍ਹੀ ਵਿੱਚ ਸੱਤ ਕਟੋਰੇ ਸ਼ਾਮਲ ਹਨ।” ਉਸ ਨੇ ਹੇਠ ਲਿਖੀ ਬੁਨਿਆਦੀ ਰੂਪਰੇਖਾ ਪੇਸ਼ ਕੀਤੀ:[2]

I. ਮੋਹਰ ਇੱਕ
II. ਮੋਹਰ ਦੋ
III. ਮੋਹਰ ਤਿੰਨ
IV. ਮੋਹਰ ਚਾਰ
V. ਮੋਹਰ ਪੰਜ
VI. ਮੋਹਰ ਛੇ
VII. ਮੋਹਰ ਸੱਤ
    A. ਤੁਰ੍ਹੀ ਇੱਕ
    B. ਤੁਰ੍ਹੀ ਦੋ
    C. ਤੁਰ੍ਹੀ ਤਿੰਨ
    D. ਤੁਰ੍ਹੀ ਚਾਰ
    E. ਤੁਰ੍ਹੀ ਪੰਜ
    F. ਤੁਰ੍ਹੀ ਛੇ
    G. ਤੁਰ੍ਹੀ ਸੱਤ
        1. ਕਟੋਰਾ ਇੱਕ
        2. ਕਟੋਰਾ ਦੋ
        3. ਕਟੋਰਾ ਤਿੰਨ
        4. ਕਟੋਰਾ ਚਾਰ
        5. ਕਟੋਰਾ ਪੰਜ
        6. ਕਟੋਰਾ ਛੇ
        7. ਕਟੋਰਾ ਸੱਤ

ਸੱਤ ਮੋਹਰਾਂ, ਸੱਤ ਤੁਰ੍ਹੀਆਂ ਅਤੇ ਸੱਤ ਕਟੋਰਿਆਂ ਵਿੱਚ ਬਹੁਤ ਸਾਰੀਆਂ ਸਮਾਨਤਾਵਾਂ ਪਾਈਆਂ ਜਾਂਦੀਆਂ ਹਨ। ਸਾਰੇ ਸੱਤ, ਚਾਰ ਅਤੇ ਤਿੰਨ ਦੇ ਸਮੂਹਾਂ ਵਿੱਚ ਵੰਡੇ ਹੋਏ ਹਨ; ਹਰੇਕ ਲੜੀ ਵਿੱਚ ਪਹਿਲੇ ਚਾਰ ਚਿੰਨ੍ਹ ਇੱਕ ਦੂਜੇ ਨਾਲ ਬਹੁਤ ਨੇੜਤਾ ਨਾਲ ਸੰਬੰਧਤ ਹਨ, ਜਦਕਿ ਆਖਰੀ ਤਿੰਨ ਜ਼ਿਆਦਾ ਭਿੰਨ ਹਨ। "ਤਿੰਨੇ ਲੇਖ ਜ਼ਿਆਦਾਤਰ ਇੱਕੋ ਜਿਹਾ ਵੇਰਵਾ ਦਿੰਦੇ ਹਨ, ਤਿੰਨੇ ਅਜਿਹੀਆਂ ਸੂਚਨਾਵਾਂ ਦਿੰਦੇ ਹਨ ਜਿਹੜੀਆਂ ਇੱਕ ਦੂਜੇ ਨਾਲ ਮੇਲ ਖਾਂਦੀਆਂ ਹਨ, ਅਤੇ ਕਿਤੇ-ਕਿਤੇ ਤਾਂ ਇੱਕੋ ਹੀ ਜਾਪਦੀਆਂ ਹਨ।"[3] ਇਸ ਤੋਂ ਇਲਾਵਾ, ਸਾਰਿਆਂ ਦਾ ਅੰਤ ਇੱਕੋ ਜਿਹੇ ਸ਼ਬਦਾਂ ਨਾਲ ਹੁੰਦਾ ਹੈ ਜਿਹੜੇ ਪਰਮੇਸ਼ੁਰ ਦੀ ਸ਼ਕਤੀ ਉੱਤੇ ਬਲ ਦਿੰਦੇ ਹਨ (8:5; 11:19; 16:18-21)।

ਇਨ੍ਹਾਂ ਸਮਾਨਤਾਵਾਂ ਦਾ ਅਰਥ ਇਹ ਨਹੀਂ ਹੈ ਕਿ ਤਿੰਨੇ ਭਾਗ ਹਰ ਖੇਤਰ ਵਿੱਚ ਇੱਕ ਦੂਜੇ ਵਰਗੇ ਹੀ ਹਨ ਅਤੇ ਇਸ ਕਰਕੇ ਇੱਕੋ ਨੂੰ ਤਿੰਨ ਵਾਰੀ ਦੁਹਰਾਇਆ ਗਿਆ ਹੈ। "ਇਨ੍ਹਾਂ ਵਿੱਚੋਂ ਹਰੇਕ ਲੜੀ . . . ਦਾ ਆਪਣਾ ਇੱਕ ਨਿੱਜੀ ਵਿਸ਼ਾ"[4] ਅਤੇ ਬਲ ਹੈ। ਤਿੰਨੇ ਭਾਗ ਤਰਕ ਸੰਗਤ ਰੂਪ ਨਾਲ ਅਗਾਂਹ ਵਧਦੇ ਹਨ। ਇਨ੍ਹਾਂ ਦੇ ਵਾਧੇ ਨੂੰ ਇਸ ਤਰ੍ਹਾਂ ਬਿਆਨ ਕੀਤਾ ਜਾ ਸਕਦਾ ਹੈ:

1. ਮੋਹਰਾਂ ਤੋੜੀਆਂ ਜਾਂਦੀਆਂ ਹਨ: ਪਰਕਾਸ਼।
2. ਤੁਰ੍ਹੀਆਂ ਵਜਾਈਆਂ ਜਾਂਦੀਆਂ ਹਨ: ਚਿਤਾਉਣੀ।
3. ਕ੍ਰੋਧ ਦੇ ਕਟੋਰੇ ਉਡੇਲੇ ਜਾਂਦੇ ਹਨ: ਸਜ਼ਾ।

ਹਰੇਕ ਲੜੀ ਦਾ ਮੁੱਢਲਾ ਵਿਸ਼ਾ ਇੱਕੋ ਹੀ ਰਹਿੰਦਾ ਹੈ: ਸਾਰਾ ਨਿਯੰਤ੍ਰਣ ਪਰਮੇਸ਼ੁਰ ਦੇ ਹੱਥ ਹੈ ਅਤੇ ਉਹ ਸਭਕੁਝ ਸਹੀ ਕਰ ਦੇਵੇਗਾ।

## ਸੱਤਵੀਂ ਮੋਹਰ ਤੋੜੀ ਗਈ (8:1, 2)

**[1]ਜਾਂ ਸੱਤਵੀਂ ਮੋਹਰ ਉਹ ਨੇ ਤੋੜੀ ਤਾਂ ਸੁਰਗ ਵਿੱਚ ਅੱਧੇਕੁ ਘੰਟੇ ਤੀਕ ਚੁੱਪਚਾਣ ਰਹੀ। [2]ਅਤੇ ਮੈਂ ਓਹਨਾਂ ਸੱਤਾਂ ਦੂਤਾਂ ਨੂੰ ਵੇਖਿਆ ਜਿਹੜੇ ਪਰਮੇਸ਼ੁਰ ਦੇ ਹਜ਼ੂਰ ਖੜੇ ਰਹਿੰਦੇ ਹਨ, ਅਤੇ ਓਹਨਾਂ ਨੂੰ ਸੱਤ ਤੁਰ੍ਹੀਆਂ ਫੜਾਈਆਂ ਗਈਆਂ।**

**ਆਇਤ 1.** ਇਹ ਬੰਦ ਸੱਤਵੀਂ ਮੋਹਰ ਦੇ ਤੋੜੇ ਜਾਣ ਨਾਲ ਅਰੰਭ ਹੁੰਦਾ ਹੈ: **ਜਾਂ ਸੱਤਵੀਂ ਮੋਹਰ ਉਹ ਨੇ ਤੋੜੀ ਤਾਂ ਸੁਰਗ ਵਿੱਚ ਅੱਧੇਕੁ ਘੰਟੇ ਤੀਕ ਚੁੱਪਚਾਣ ਰਹੀ।**

ਜਿਵੇਂ ਕਿ ਪਰਕਾਸ਼ ਦੀ ਪੋਥੀ ਵਿੱਚ ਅਕਸਰ ਹੁੰਦਾ ਹੈ, ਬਿਰਤਾਂਤ ਪਾਠਕ ਨੂੰ ਅਚਨਚੇਤ ਫੜ ਲੈਂਦਾ ਹੈ। ਜਦ ਤੋਂ ਯੂਹੰਨਾ ਨੇ ਸਿੰਘਾਸਣ ਦਰਬਾਰ ਵਿੱਚ ਪ੍ਰਵੇਸ਼ ਕੀਤਾ ਹੈ (4:1, 2), ਪਾਠਕ ਨੂੰ ਬਹੁਤ ਸਾਰੀਆਂ ਅਵਾਜ਼ਾਂ ਸੁਣਾਈ ਦਿੰਦੀਆਂ ਆ ਰਹੀਆਂ ਹਨ। ਅਧਿਆਇ 4 ਅਤੇ 5 ਵਿੱਚ ਸੁਰਗੀ ਗੀਤ ਮੰਡਲੀ ਸੀ। ਅਧਿਆਇ 6 ਵਿੱਚ ਗਰਜਦਿਆਂ ਖੁਰਾਂ ਦਾ ਖੜਾਕ ਸੀ, ਸ਼ਹੀਦਾਂ ਦੀ ਪੁਕਾਰ ਸੀ, ਅਤੇ ਕਾਇਨਾਤ ਦੀ ਤਬਾਹੀ ਦਾ ਰੌਲਾ ਸੀ। ਅਧਿਆਇ 7 ਦਾ ਅੰਤ ਹੁਣ ਤੱਕ ਦੀ ਸਭ ਤੋਂ ਵਿਸ਼ਾਲ ਗੀਤ ਮੰਡਲੀ ਦੁਆਰਾ ਗਾਏ ਗਏ ਗੀਤ ਦੇ ਨਾਲ ਹੁੰਦਾ ਹੈ। ਉਨ੍ਹਾਂ ਅਧਿਆਇਆਂ ਵਿੱਚ ਲਗਭਗ ਸਭਕੁਝ "*ਵੱਡੀ* ਅਵਾਜ਼" (5:2, 12; 6:10; 7:2, 10; ਜ਼ੋਰ ਦਿੱਤਾ ਗਿਆ ਹੈ) ਵਿੱਚ ਆਖਿਆ ਜਾਂ ਗਾਇਆ ਗਿਆ ਸੀ।

ਪਰ ਫਿਰ ਅਚਾਣਕ ਇੱਕ **ਚੁੱਪਚਾਣ** – ਸੰਪੂਰਨ ਅਤੇ ਪੂਰੀ ਚੁੱਪੀ ਆਉਂਦੀ ਹੈ। ਅਧਿਆਇ 7 ਵਿੱਚ ਆਖਿਆ ਗਿਆ ਹੈ ਕਿ ਅਣਗਿਣਤ ਭੀੜ ਦੀ ਅਰਾਧਨਾ "ਰਾਤ ਦਿਨ" ਜਾਰੀ ਰਹਿੰਦੀ ਹੈ (7:15) – ਕਹਿਣ ਦਾ ਭਾਵ ਹੈ ਕਿ ਕਦੇ ਬੰਦ ਨਹੀਂ ਹੁੰਦੀ। ਇਸ ਤੱਥ ਨੇ ਅਚਾਣਕ ਆਈ ਇਸ ਚੁੱਪੀ ਨੂੰ ਹੋਰ ਵੀ ਜ਼ਿਆਦਾ ਹੈਰਾਨੀਜਨਕ ਬਣਾ ਦਿੱਤਾ ਹੋਵੇਗਾ। ਇਹ ਚੁੱਪਚਾਣ **ਅੱਧੇਕੁ ਘੰਟੇ ਤੀਕ** ਰਹੀ। ਅੱਧਾ ਘੰਟਾ ਜ਼ਿਆਦਾ ਲੰਮਾ ਸਮਾਂ ਨਹੀਂ ਹੈ – ਜਦ ਤੱਕ ਕਿ ਕੋਈ ਕੁਝ ਹੋਣ ਦੀ ਉਡੀਕ ਨਾ ਕਰ ਰਿਹਾ ਹੋਵੇ। ਜਿਵੇਂ ਕਿ ਯੂਹੰਨਾ ਇੰਤਜ਼ਾਰ ਕਰ ਰਿਹਾ ਸੀ ਕਿ ਅੱਗੇ ਕੀ ਹੋਵੇਗਾ, ਉਸ ਦੇ ਲਈ ਸੁਰਗ ਵਿੱਚ ਉਹ ਤੀਹ ਮਿੰਟ ਸਦੀਪਕਤਾ ਵਾਂਙੁ ਜਾਪੇ ਹੋਣਗੇ। ਇਨ੍ਹਾਂ ਸ਼ਬਦਾਂ ਵਿੱਚ ਕੋਈ "ਡੂੰਘਾ" ਪ੍ਰਤੀਕਾਤਮਕ ਅਰਥ ਨਹੀਂ ਹੈ ਕਿ ਯੂਹੰਨਾ ਨੇ ਆਖਿਆ ਕਿ ਇਹ "ਅੱਧੇਕੁ ਘੰਟੇ *ਤੀਕ*" ਰਿਹਾ। ਇਨ੍ਹਾਂ ਸ਼ਬਦਾਂ ਦਾ ਸੰਕੇਤ ਨਾਟਕੀ ਪ੍ਰਭਾਵ ਦੇ ਲਈ ਥੋੜੇ ਚਿਰ ਵਾਸਤੇ ਆਈ ਚੁੱਪੀ ਵੱਲ ਹੈ।

ਪਰ ਫਿਰ ਵੀ, ਟਿੱਪਣੀਕਾਰ "ਅੱਧੇਕੁ ਘੰਟੇ ਤੀਕ" ਸ਼ਬਦਾਂ ਦੇ ਪ੍ਰਤੀਕਾਤਮਕ ਅਰਥ ਨੂੰ ਲੈ ਕੇ ਅਜੇ ਵੀ ਸੰਘਰਸ਼ ਕਰਦੇ ਹਨ। ਉਹ ਪਰੇਸ਼ਾਨ ਹੋ ਕੇ ਪੁੱਛਦੇ ਹਨ, "ਇਸ ਦਾ ਕੀ *ਅਰਥ* ਹੈ?" ਬਿਹਤਰ ਪ੍ਰਸ਼ਨ ਇਹ ਹੋ ਸਕਦਾ ਹੈ, "ਇਸ ਬਿਰਤਾਂਤ ਦੇ ਵਿੱਚ ਇਸ ਦਾ ਕੀ ਮਕਸਦ ਹੈ?"

ਸੰਗੀਤ ਵਿੱਚ ਕੁਝ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ "ਵਿਸ਼ਰਾਮ" ਕਿਹਾ ਜਾਂਦਾ ਹੈ। ਜਦ ਗਾਇਕ ਜਾਂ ਸੰਗੀਤਕਾਰ ਵਿਸ਼ਰਾਮ ਕਰਦਾ ਹੈ, ਉਹ ਓਨੇ ਚਿਰ ਲਈ ਠਹਿਰਦਾ ਹੈ ਜਿੰਨਾ ਵਿਸ਼ਰਾਮ ਦੇ ਦੁਆਰਾ ਦਰਸਾਇਆ ਜਾਂਦਾ ਹੈ; ਉਹ ਓਨੇ ਚਿਰ ਦੇ ਲਈ ਚੁੱਪ ਰਹਿੰਦਾ ਹੈ। ਲੋਕ ਇਹ ਨਹੀਂ ਪੁੱਛਦੇ, "ਸੰਗੀਤ ਵਿੱਚ ਇਸ ਚੁੱਪੀ ਦਾ ਕੀ *ਅਰਥ* ਹੈ?" ਸਗੋਂ ਉਹ ਸਮਝ ਜਾਂਦੇ ਹਨ ਕਿ ਇਹ ਚੁੱਪੀ ਕੁਝ *ਕਰਨ ਲਈ* ਆਈ ਹੈ: ਸੰਗੀਤ ਦੇ ਸੰਪੂਰਨ ਪ੍ਰਭਾਵ ਵਿੱਚ ਕੁਝ ਜੋੜਣ ਲਈ ਆਈ ਹੈ, ਗੀਤ ਦੇ ਭਾਵ ਨੂੰ ਵਧਾਉਣ ਦੇ ਲਈ ਆਈ ਹੈ। ਇਸੇ ਤਰ੍ਹਾਂ, ਆਇਤ 1 ਵਿੱਚ ਆਈ ਚੁੱਪੀ ਦਾ ਮੁੱਢਲਾ ਮਕਸਦ ਸੰਭਾਵੀ ਤੌਰ 'ਤੇ ਆਉਣ ਵਾਲੇ ਪਰਕਾਸ਼ਾਂ ਦੇ ਲਈ ਉਮੀਦ ਨੂੰ ਵਧਾਉਣਾ ਸੀ।

ਚੁੱਪੀ ਦੇ ਹੋਰ ਮਕਸਦ ਵੀ ਸੁਝਾਏ ਗਏ ਹਨ: (1) ਕਿਉਂ ਜੋ ਤੁਰ੍ਹੀਆਂ ਦਾ ਮੁੱਖ ਮਕਸਦ ਦੁਸ਼ਟਾਂ ਨੂੰ ਪਸ਼ਚਾਤਾਪ ਤੱਕ ਲੈ ਕੇ ਆਉਣਾ ਹੋਵੇਗਾ (9:20, 21 ਦੀਆਂ ਟਿੱਪਣੀਆਂ ਵੇਖੋ), ਇਸ ਕਰਕੇ ਕੁਝ ਲੋਕ ਸੋਚਦੇ ਹਨ ਕਿ ਅੱਧੇ ਘੰਟੇ ਦੀ ਚੁੱਪੀ ਮਨੁੱਖ ਜਾਤੀ ਦੇ ਪ੍ਰਤੀ ਪਰਮੇਸ਼ੁਰ ਦੇ ਧੀਰਜ ਨੂੰ ਦਰਸਾਉਂਦੀ ਹੈ, ਜਦ ਉਹ ਮਨੁੱਖਾਂ ਨੂੰ ਤੋਬਾ ਕਰਨ ਦਾ *ਸਮਾਂ* ਦਿੰਦਾ ਹੈ। (2) ਜਿਹੜੇ ਲੋਕ ਇਹ ਮੰਨਦੇ ਹਨ ਕਿ ਸੱਤਵੀਂ ਮੋਹਰ ਦੀ ਸਾਰੀ ਕਿਰਿਆ ਆਇਤ 1 ਵਿੱਚ ਪਾਈ ਜਾਂਦੀ ਹੈ, ਉਹ ਆਖਦੇ ਹਨ ਕਿ ਚੁੱਪੀ ਸਾਨੂੰ ਇਹ ਚੇਤੇ ਕਰਾਉਂਦੀ ਹੈ ਕਿ ਅਸੀਂ ਸਦੀਪਕਤਾ ਬਾਰੇ ਸਾਰੇ ਤੱਥ ਨਾ ਤਾਂ ਸਮਝਦੇ ਹਾਂ ਅਤੇ ਨਾ ਹੀ ਸਮਝ ਸਕਦੇ ਹਾਂ। (3) ਕੁਝ ਲੋਕਾਂ ਨੇ ਚੁੱਪਚਾਣ ਦੇ ਵਿੱਚ ਅੱਤ ਆਦਰ ਦੇ ਭਾਵ ਨੂੰ ਵੇਖਿਆ ਹੈ।

ਕੁਝ ਟਿੱਪਣੀਕਾਰ ਇੱਸ ਚੁੱਪੀ ਦੇ ਇੱਕ ਹੋਰ ਮਕਸਦ ਦਾ ਸੁਝਾਓ ਦਿੰਦੇ ਹਨ। ਜੀ. ਆਰ. ਬੀਸਲੇ-ਮੁਰੇ ਨੇ ਆਖਿਆ ਕਿ ਸੰਦਰਭ ਸਾਨੂੰ "ਇੱਕ ਕਾਰਨ ਦਿੰਦਾ ਹੈ ਕਿ ਸੁਰਗ ਵਿੱਚ ਚੁੱਪੀ ਕਿਉਂ ਹੈ। ਆਇਤ 2 ਤੋਂ ਬਾਅਦ ਦੇ ਬਾਕੀ ਦੇ ਬੰਦ ਦਾ ਮੁੱਖ ਵਿਸ਼ਾ *ਪ੍ਰਾਰਥਨਾ* ਹੈ . . . । ਚੁੱਪੀ ਇਸ ਕਰਕੇ ਆਈ ਤਾਂ ਜੋ ਪ੍ਰਾਰਥਨਾਵਾਂ ਨੂੰ ਚੰਗੀ ਤਰ੍ਹਾਂ ਅਤੇ ਪੂਰੀ ਤਰ੍ਹਾਂ ਸੁਣਿਆ ਜਾ ਸਕੇ।"[5] ਵਿਲੀਅਮ ਬਰਕਲੇ ਨੇ ਲਿਖਿਆ,

> ਸੰਤਾਂ ਦੀਆਂ ਪ੍ਰਾਰਥਨਾਵਾਂ ਪਰਮੇਸ਼ੁਰ ਦੇ ਕੋਲ ਪੁੱਜਣ ਵਾਲੀਆਂ ਹਨ; ਅਤੇ ਅਜਿਹਾ ਜਾਪਦਾ ਹੈ ਕਿ ਸੁਰਗ ਵਿੱਚ ਸਭਕੁਝ ਥਮ ਜਾਵੇਗਾ ਤਾਂ ਜੋ ਸੰਤਾਂ ਦੀਆਂ ਪ੍ਰਾਰਥਾਨਾਵਾਂ ਨੂੰ ਸੁਣਿਆ ਜਾ ਸਕੇ . . . । ਇੱਥੋਂ ਤੱਕ ਕਿ ਸੁਰਗੀ ਸੰਗੀਤ ਅਤੇ ਪਰਕਾਸ਼ ਦੀਆਂ ਗਰਜਾਂ ਵੀ ਥਮ ਜਾਣਗੀਆਂ ਤਾਂ ਜੋ ਪਰਮੇਸ਼ੁਰ ਦੇ ਕੰਨ ਆਪਣੇ ਭਰੋਸੇਯੋਗ ਮਸਕੀਨ ਲੋਕਾਂ ਦੀਆਂ ਹੌਲੀ ਅਵਾਜ਼ ਵਿੱਚ ਕੀਤੀਆਂ ਜਾਣ ਵਾਲੀਆਂ ਪ੍ਰਾਰਥਨਾਵਾਂ ਨੂੰ ਸੁਣ ਸਕਣ।[6]

ਫ੍ਰੈਂਕ ਪੈਕ ਨੇ ਸਹਿਮਤੀ ਜਤਾਈ: "ਦੂਤਾਂ ਦੀਆਂ ਮੰਡਲੀਆਂ, ਬਜ਼ੁਰਗਾਂ ਅਤੇ ਚਾਰ . . . ਜੰਤੂਆਂ ਦੀ ਉਸਤਤ ਥਮ ਗਈ, ਤਾਂ ਜੋਂ ਉਨ੍ਹਾਂ ਸੰਤਾਂ ਦੀਆਂ ਪ੍ਰਾਰਥਨਾਵਾਂ . . . ਜਿਹੜੇ ਧਰਤੀ ਉੱਤੇ ਹਨ, ਸੁਣੀਆਂ ਜਾ ਸਕਣ।"[7]

ਕੁਝ ਲੋਕ ਇਤਰਾਜ਼ ਕਰ ਸਕਦੇ ਹਨ, "ਪਰ ਪਰਮੇਸ਼ੁਰ ਨੂੰ ਆਪਣੇ ਲੋਕਾਂ ਦੀ ਅਵਾਜ਼ ਸੁਣਨ ਲਈ ਪੂਰੀ ਚੁੱਪੀ ਦੀ ਲੋੜ ਨਹੀਂ ਹੈ।" ਇਹ ਸੱਚ ਹੈ, ਪਰ ਇਹ ਚੁੱਪੀ ਪ੍ਰਤੀਕਾਤਮਕ ਹੈ। ਜਦ ਕੋਈ ਆਦਰਯੋਗ ਵਿਅਕਤੀ ਬੋਲਦਾ ਹੈ, ਤਦ ਸਰੋਤੇ ਸੁਣਨ ਦੇ ਲਈ ਜਿੰਨਾ ਸੰਭਵ ਹੋ ਸਕੇ ਓਨਾ ਢੁਕਵਾਂ ਮਾਹੌਲ ਬਣਾ ਲੈਂਦੇ ਹਨ; ਉਹ ਚੁੱਪ ਅਤੇ ਸ਼ਾਂਤ ਹੋ ਜਾਂਦੇ ਹਨ। ਇਸੇ ਤਰ੍ਹਾਂ ਪਰਮੇਸ਼ੁਰ ਦੁਆਰਾ ਆਪਣੇ ਲੋਕਾਂ ਨੂੰ ਚੰਗੀ ਤਰ੍ਹਾਂ ਸੁਣ ਸਕਣ ਲਈ ਧਰਤੀ ਅਤੇ ਸੁਰਗ ਨੂੰ ਸ਼ਾਂਤ

ਕਰ ਦੇਣਾ ਪ੍ਰਤੀਕਾਤਮਕ ਹੈ। "ਤਾਲਮੁਡ ਵਿੱਚ ਦੂਤਾਂ ਨੂੰ ਗੀਤ ਗਾਉਣਾ ਬੰਦ ਕਰਨ ਦੀ ਹਿਦਾਇਤ ਦਿੱਤੇ ਜਾਣ ਦਾ ਹਵਾਲਾ ਹੈ . . . ਤਾਂ ਜੋ ਇਸਰਾਏਲ ਦੀ ਉਸਤਤ ਨੂੰ ਸੁਰਗ ਵਿੱਚ ਸੁਣਿਆ ਜਾ ਸਕੇ।"[8] ਯੂਜੀਨ ਪੀਟਰਸਨ ਨੇ ਲਿਖਿਆ,

> ਅਸੀਂ ਇੱਕ ਸ਼ੋਰ-ਸ਼ਰਾਬੇ ਨਾਲ ਭਰੇ ਸੰਸਾਰ ਵਿੱਚ ਜੀਉਂਦੇ ਹਾਂ। ਸਾਡੇ ਉੱਤੇ ਲੋਕ ਚੀਕਦੇ ਹਨ, ਸਾਨੂੰ ਤਰੱਕੀ ਮਿਲਦੀ ਹੈ, ਸਾਨੂੰ ਸੱਦਿਆ ਜਾਂਦਾ ਹੈ। ਹਰੇਕ ਦੇ ਕੋਲ ਸਾਡੇ ਲਈ ਤੁਰੰਤ ਦਿੱਤੇ ਜਾਣ ਵਾਲਾ ਇੱਕ ਸੰਦੇਸ਼ ਹੈ। ਅਸੀਂ ਅਵਾਜ਼ਾਂ ਨਾਲ ਘਿਰੇ ਰਹਿੰਦੇ ਹਾਂ; ਫੋਨ, ਰੇਡਿਓ, ਟੀਵੀ, ਟੇਪਾਂ। ਬੋਲੇ ਕਰ ਦੇਣ ਵਾਲੀ ਉੱਚੀ ਅਵਾਜ਼ ਵਿੱਚ ਸੰਦੇਸ਼ ਸੁਣਾਏ ਜਾਂਦੇ ਹਨ। ਸੰਸਾਰ ਇੱਕ ਅਜਿਹੀ ਭੀੜ ਹੈ ਜਿਸ ਵਿੱਚ ਸਾਰੇ ਜਣੇ ਇਕੱਠੇ ਇੱਕੋ ਵਾਰੀ ਬੋਲਦੇ ਹਨ ਅਤੇ ਕੋਈ ਵੀ ਨਾ ਤਾਂ ਸੁਣਨ ਲਈ ਤਿਆਰ ਹੈ ਅਤੇ ਨਾ ਹੀ ਸੁਣ ਸਕਦਾ ਹੈ। ਪਰ ਪਰਮੇਸ਼ੁਰ ਸੁਣਦਾ ਹੈ . . . । ਉਸ ਦਾ ਸਾਡੀ ਗੱਲ ਸੁਣਨਾ ਸਾਡੇ ਨਾਲ ਉਸ ਦੇ ਬੋਲਣ ਨਾਲੋਂ ਵਧੇਰੇ ਵੱਡੇ ਅਚੰਭੇ ਦੀ ਗੱਲ ਹੈ . . . ।
>
> ਅਸੀਂ ਜੋ ਕੁਝ ਬੋਲਦੇ ਹਾਂ, ਸੰਤਾਪ ਵਿੱਚ ਚੀਕਦੇ ਹਾਂ, ਹਰੇਕ ਬੁੜਬੁੜਾਹਟ, ਪ੍ਰਾਰਥਨਾ ਦੀ ਹਰੇਕ ਲੜਖੜਾਉਂਦੀ ਹੋਈ ਕੋਸ਼ਿਸ਼: ਇਹ ਸਭ ਨੂੰ ਸੁਣਿਆ ਜਾਂਦਾ ਹੈ। ਸਾਰਾ ਸੁਰਗ ਚੁੱਪ ਹੋ ਜਾਂਦਾ ਹੈ। ਦੂਤਾਂ ਦੀਆਂ ਵੱਡੀਆਂ ਅਵਾਜ਼ਾਂ, ਤੁਰ੍ਹੀਆਂ ਦੇ ਕੰਨ ਪਾੜ ਦੇਣ ਵਾਲੇ ਸੰਦੇਸ਼, ਅਤੇ ਸਿੰਘਾਸਣ ਵਿੱਚੋਂ ਨਿਕਲਦੇ ਗਰਜਾਂ ਦੇ ਗੀਤ ਉਸ ਵੇਲੇ ਥਮ ਜਾਂਦੇ ਹਨ, ਜਦ ਪਰਮੇਸ਼ੁਰ ਸੁਣਦਾ ਹੈ।[9]

ਅੱਧੇ ਘੰਟੇ ਦੀ ਚੁੱਪੀ ਦਾ ਇਹ ਅਰਥ ਭਾਵੇਂ ਹੋਵੇ ਜਾਂ ਨਾ ਹੋਵੇ, ਫਿਰ ਵੀ ਇਹ ਬੰਦ ਇਹ ਦਾਅਵਾ *ਜ਼ਰੂਰ* ਕਰਦਾ ਹੈ ਕਿ ਪਰਮੇਸ਼ੁਰ ਆਪਣੇ ਵਿਸ਼ੇਸ਼ ਲੋਕਾਂ ਦੀਆਂ ਪ੍ਰਾਰਥਨਾਵਾਂ ਸੁਣਦਾ ਹੈ। "ਯੂਹੰਨਾ ਸੰਕਟ ਵਿੱਚ ਪਏ ਹੋਏ, ਉਸ ਵੇਲੇ ਦੇ ਅਤੇ ਹੁਣ ਦੇ, ਪਾਠਕਾਂ ਨੂੰ ਇਹ ਆਖ ਰਿਹਾ ਹੈ ਕਿ ਉਨ੍ਹਾਂ ਦੀਆਂ ਪ੍ਰਾਰਥਨਾਵਾਂ ਨੂੰ ਸੁਰਗ ਵਿੱਚ ਸੁਣਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਜਵਾਬ ਵੀ ਮਿਲਣਗੇ। ਦਯਾ ਅਤੇ ਨਿਆਉਂ ਦਾ ਪਰਮੇਸ਼ੁਰ ਨਾ ਤਾਂ ਮੁਰਦਾ ਹੈ, ਨਾ ਬੋਲਾ, ਅਤੇ ਨਾ ਹੀ ਲਾਪਰਵਾਹ।"[10]

ਇਹ ਅਦਭੁਤ ਸੱਚਾਈ, ਕਿ ਪਰਮੇਸ਼ੁਰ ਆਪਣੇ ਲੋਕਾਂ ਦੀ ਸੁਣਦਾ ਹੈ, ਸਾਰੀ ਬਾਈਬਲ ਵਿੱਚ ਸਿਖਾਈ ਗਈ ਹੈ। ਕਹਾਉਤਾਂ ਵਿੱਚ ਲਿਖਿਆ ਹੈ, "ਯਹੋਵਾਹ . . . ਧਰਮੀਆਂ ਦੀ ਪ੍ਰਾਰਥਨਾ ਸੁਣਦਾ ਹੈ" (15:29)। ਪਰਮੇਸ਼ੁਰ ਨੇ ਸੁਲੇਮਾਨ ਨੂੰ ਆਖਿਆ, "ਮੈਂ ਤੇਰੀ ਬੇਨਤੀ ਤੇ ਅਰਦਾਸ ਨੂੰ ਜੋ ਤੈਂ ਮੇਰੇ ਅੱਗੇ ਕੀਤੀ ਸੁਣਿਆ" (1 ਰਾਜਿਆਂ 9:3)। ਪਰਮੇਸ਼ੁਰ ਨੇ ਹਿਜ਼ਕੀਯਾਹ ਦੇ ਲਈ ਆਪਣਾ ਇਹ ਵਚਨ ਘੱਲਿਆ, "ਮੈਂ ਤੇਰੀ ਪ੍ਰਾਰਥਨਾ ਸੁਣੀ ਹੈ। ਮੈਂ ਤੇਰੇ ਅੱਥਰੂ ਵੇਖ ਲਏ ਹਨ" (2 ਰਾਜਿਆਂ 20:5)। ਪਰਮੇਸ਼ੁਰ ਅਜੇ ਵੀ ਆਪਣੇ ਵਫਾਦਾਰਾਂ ਦੀਆਂ ਪ੍ਰਾਰਥਨਾਵਾਂ ਅਤੇ ਬੇਨਤੀਆਂ ਸੁਣਦਾ ਹੈ। ਪਤਰਸ ਨੇ ਲਿਖਿਆ, "ਕਿਉਂ ਜੋ ਪ੍ਰਭੂ ਦੀਆਂ ਅੱਖੀਆਂ ਧਰਮੀਆਂ ਉੱਤੇ, ਅਤੇ ਉਹ ਦੇ ਕੰਨ ਉਨ੍ਹਾਂ ਦੀ ਦੁਹਾਈ ਵੱਲ ਹਨ" (1 ਪਤਰਸ 3:12)। ਯੂਹੰਨਾ ਨੇ ਸਹਿਮਤੀ ਜਤਾਈ: "ਉਹ ਦੇ ਅੱਗੇ ਜੋ ਸਾਨੂੰ ਦਿਲੇਰੀ ਹੈ ਸੋ ਇਹ ਹੈ ਭਈ ਜੇ ਅਸੀਂ ਉਹ ਦੀ ਇੱਛਿਆ ਦੇ ਅਨੁਸਾਰ ਕੁਝ ਮੰਗਦੇ ਹਾਂ ਤਾਂ ਉਹ ਸਾਡੀ ਸੁਣਦਾ ਹੈ" (1 ਯੂਹੰਨਾ 5:14)। "ਅਰੰਭਕ ਮਸੀਹੀ ਪ੍ਰਾਰਥਨਾ ਦਾ ਵਿਸ਼ੇਸ਼ ਗੁਣ ਇਹ ਨਿਸ਼ਚਿਤਤਾ [ਸੀ] ਕਿ ਇਹ ਸੁਣੀ ਜਾਵੇਗੀ।"[11]

**ਆਇਤ 2.** ਯੂਹੰਨਾ ਨੇ ਅੱਗੇ ਲਿਖਿਆ, **ਅਤੇ ਮੈਂ ਓਹਨਾਂ ਸੱਤਾਂ ਦੂਤਾਂ ਨੂੰ ਵੇਖਿਆ ਜਿਹੜੇ**

**ਪਰਮੇਸ਼ੁਰ ਦੇ ਹਜ਼ੂਰ ਖੜੇ ਰਹਿੰਦੇ ਹਨ, ਅਤੇ ਓਹਨਾਂ ਨੂੰ ਸੱਤ ਤੁਰ੍ਹੀਆਂ ਫੜਾਈਆਂ ਗਈਆਂ।** ਅੰਤ ਸਮੇਂ ਬਾਰੇ ਬੋਲਣ ਵਾਲੇ ਕੁਝ ਯਹੂਦੀ ਸਾਹਿਤ, ਜਿਸ ਨੂੰ ਬਾਈਬਲ ਵਿੱਚ ਸ਼ਾਮਿਲ ਨਹੀਂ ਕੀਤਾ ਗਿਆ ਹੈ, ਪਰਮੇਸ਼ੁਰ ਦੀ ਹਜ਼ੂਰੀ ਵਿੱਚ ਖੜੇ ਰਹਿਣ ਵਾਲੇ ਸੱਤ ਪ੍ਰਧਾਨ ਦੂਤਾਂ ਬਾਰੇ ਬੋਲਦੇ ਹਨ, ਜਿਨ੍ਹਾਂ ਕਰਕੇ ਕੁਝ ਟਿੱਪਣੀਕਾਰ ਸੋਚਦੇ ਹਨ ਕਿ ਆਇਤ 2 ਉਸ ਪਾਰੰਪਰਿਕ ਮਾਨਤਾ ਨੂੰ ਦਰਸਾਉਂਦੀ ਹੈ ਜਿਹੜੀ ਇਸ ਸਾਹਿਤ ਵਿੱਚ ਵਿਅਕਤ ਕੀਤੀ ਗਈ ਹੈ। ਇਸ ਦੇ ਦੋ ਪ੍ਰਮੁੱਖ ਸੰਦਰਭ ਹਨੋਕ 20:1-7 ਅਤੇ ਤੋਬਿਤ 12:15 ਹਨ। ਹਨੋਕ ਅਤੇ ਤੋਬਿਤ ਦੀਆਂ ਪੁਸਤਕਾਂ ਨੂੰ ਪਰਮੇਸ਼ੁਰ ਵੱਲੋਂ ਪ੍ਰੇਰਿਤ ਪੁਸਤਕਾਂ ਨਹੀਂ ਮੰਨਿਆ ਜਾਂਦਾ ਇਸ ਕਰਕੇ ਇਨ੍ਹਾਂ ਨੂੰ ਪ੍ਰਭੂ ਦਾ ਪਰਕਾਸ਼ ਨਹੀਂ ਆਖਿਆ ਜਾ ਸਕਦਾ। ਇਨ੍ਹਾਂ ਪੁਸਤਕਾਂ ਵਿੱਚੋਂ ਲਏ ਗਏ ਇਹ ਦੋ ਸੰਦਰਭ ਇਨ੍ਹਾਂ ਪ੍ਰਧਾਨ ਦੂਤਾਂ ਦੇ ਨਾਮ ਦੱਸਦੇ ਹਨ। ਸੱਤਾਂ ਵਿੱਚੋਂ ਦੋ, ਜਿਨ੍ਹਾਂ ਦਾ ਜ਼ਿਕਰ ਬਾਈਬਲ ਵਿੱਚ ਹੋਇਆ ਹੈ, ਮੀਕਾਏਲ ਅਤੇ ਜਿਬਰਾਏਲ ਹਨ (ਦਾਨੀਏਲ 8:16; 9:21; 10:13, 21; 12:1; ਲੂਕਾ 1:26; ਯਹੂਦਾਹ 9; ਪਰਕਾਸ਼ 12:7)।

ਕੁਝ ਲੋਕ **ਸੱਤਾਂ ਦੂਤਾਂ** ਤੋਂ ਪਹਿਲਾਂ ਲੱਗੇ ਨਿਸ਼ਚੇਵਾਚਕ ਉਪਪਦ (the) ਨੂੰ ਮਹੱਤਵਪੂਰਣ ਮੰਨਦੇ ਹਨ, ਪਰ ਪਰਕਾਸ਼ ਦੀ ਪੋਥੀ ਵਿੱਚ ਇਹ ਇੱਕ ਆਮ ਗੱਲ ਹੈ: ਸੱਤ ਕਲੀਸਿਯਾਵਾਂ ਦੇ ਦੂਤਾਂ ਵਿੱਚੋਂ ਹਰੇਕ ਨੂੰ ਨਿਸ਼ਚੇਵਾਚਕ ਉਪਪਦ (the) ਲਗਾ ਕੇ ਸੰਬੋਧਿਤ ਕੀਤਾ ਗਿਆ ਹੈ (ਵੇਖੋ 2:1), ਅਤੇ ਜਿਨ੍ਹਾਂ ਦੂਤਾਂ ਨੇ ਸੱਤ ਕਟੋਰੇ ਉਡੇਲੇ ਸਨ, ਉਨ੍ਹਾਂ ਨੂੰ ਵੀ ਇਸੇ ਤਰ੍ਹਾਂ ਸੰਬੋਧਿਤ ਕੀਤਾ ਗਿਆ ਹੈ (ਵੇਖੋ 16:3)। ਕਦੇ-ਕਦੇ ਕਿਸੇ ਹੋਰ ਦੂਤ ਨੂੰ ਵੀ ਇਸੇ ਤਰ੍ਹਾਂ ਸੰਬੋਧਿਤ ਕੀਤਾ ਗਿਆ ਹੈ (ਵੇਖੋ 8:5)। ਕਿਉਂ ਜੋ ਅੰਕ "ਸੱਤ" ਅਤੇ ਪਰਮੇਸ਼ੁਰ ਦੇ "ਸਾਹਮਣੇ" ਖੜੇ ਹੋਣ ਬਾਰੇ ਸੰਦਰਭ ਪਰਕਾਸ਼ ਦੀ ਪੋਥੀ ਵਿੱਚ ਬਾਰ-ਬਾਰ ਆਉਂਦੇ ਹਨ (ਵੇਖੋ 1:4; 4:5, 10; 5:8; 7:9, 11, 15; 11:4, 16; 14:3; 15:4), ਇਸ ਕਰਕੇ "ਪਰਮੇਸ਼ੁਰ ਦੀ ਹਜ਼ੂਰੀ ਵਿੱਚ ਖੜੇ ਰਹਿਣ ਵਾਲੇ ਸੱਤ ਪ੍ਰਧਾਨ ਦੂਤਾਂ" ਦੇ ਹਵਾਲੇ ਦਾ ਕੋਈ ਵਿਸ਼ੇਸ਼ ਮਹੱਤਵ ਨਹੀਂ ਹੋ ਸਕਦਾ। ਸੱਤ ਤੁਰ੍ਹੀਆਂ ਵਜਾਉਣ ਲਈ ਸੱਤ ਦੂਤਾਂ ਦੀ ਲੋੜ ਸੀ, ਅਤੇ ਸੇਵਾ ਕਰਨ ਵਾਲੇ ਇਹ ਆਤਮੇ ਉਪਲਬਧ ਸਨ। ਇੱਥੇ ਜ਼ੋਰ ਦੂਤਾਂ ਉੱਤੇ ਨਹੀਂ ਪਰ ਤੁਰ੍ਹੀਆਂ ਉੱਤੇ ਹੈ।

## ਸੋਨੇ ਦੀ ਧੂਪਦਾਨੀ ਲਈ ਇੱਕ ਦੂਤ (8:3-6)

**3ਫੇਰ ਇੱਕ ਹੋਰ ਦੂਤ ਆਇਆ ਅਤੇ ਸੋਨੇ ਦੀ ਧੂਪਦਾਨੀ ਲਈ ਜਗਵੇਦੀ ਉੱਤੇ ਜਾ ਖਲੋਤਾ, ਅਤੇ ਬਹੁਤ ਸਾਰੀ ਧੂਪ ਉਹ ਨੂੰ ਦਿੱਤੀ ਗਈ ਭਈ ਉਹ ਉਸ ਨੂੰ ਸਭਨਾਂ ਸੰਤਾਂ ਦੀਆਂ ਪ੍ਰਾਰਥਨਾਂ ਦੇ ਨਾਲ ਨਾਲ ਉਸ ਸੋਨੇ ਦੀ ਜਗਵੇਦੀ ਉੱਤੇ ਧੁਖਾਉਂਦਾ ਰਹੇ ਜਿਹੜੀ ਸਿੰਘਾਸਣ ਦੇ ਅੱਗੇ ਹੈ। 4ਅਤੇ ਧੂਪ ਦਾ ਧੂੰਆਂ ਸੰਤਾਂ ਦੀਆਂ ਪ੍ਰਾਰਥਨਾਂ ਨਾਲ ਓਸ ਦੂਤ ਦੇ ਹੱਥੋਂ ਪਰਮੇਸ਼ੁਰ ਦੇ ਹਜ਼ੂਰ ਅੱਪੜ ਗਿਆ। 5ਤਾਂ ਦੂਤ ਨੇ ਧੂਪਦਾਨੀ ਲਈ ਅਤੇ ਜਗਵੇਦੀ ਦੀ ਕੁਝ ਅੱਗ ਓਸ ਵਿੱਚ ਭਰ ਕੇ ਧਰਤੀ ਉੱਤੇ ਸੁੱਟ ਦਿੱਤੀ। ਤਾਂ ਬੱਦਲ ਦੀਆਂ ਗਰਜਾਂ ਅਤੇ ਅਵਾਜ਼ਾਂ ਅਤੇ ਬਿਜਲੀ ਦੀਆਂ ਲਿਸ਼ਕਾਂ ਹੋਈਆਂ ਅਤੇ ਭੁਚਾਲ ਆਇਆ! 6ਫੇਰ ਓਹਨਾਂ ਸੱਤਾਂ ਦੂਤਾਂ ਨੇ ਜਿਨ੍ਹਾਂ ਕੋਲ ਸੱਤ ਤੁਰ੍ਹੀਆਂ ਸਨ ਆਪਣੇ ਆਪ ਨੂੰ ਤੁਰ੍ਹੀਆਂ ਵਜਾਉਣ ਲਈ ਤਿਆਰ ਕੀਤਾ।**

**ਆਇਤ 3.** ਸੱਤਾਂ ਦੂਤਾਂ ਨੂੰ ਤੁਰ੍ਹੀਆਂ ਵਜਾਉਣ ਦੀ ਇਜਾਜ਼ਤ ਦੇਣ ਤੋਂ ਪਹਿਲਾਂ, ਇੱਕ ਹੋਰ

ਦੂਤ ਸਾਹਮਣੇ ਆਉਂਦਾ ਹੈ। **ਫੇਰ ਇੱਕ ਹੋਰ ਦੂਤ ਆਇਆ ਅਤੇ ਸੋਨੇ ਦੀ ਧੂਪਦਾਨੀ ਲਈ ਜਗਵੇਦੀ ਉੱਤੇ ਜਾ ਖਲੋਤਾ, ਅਤੇ ਬਹੁਤ ਸਾਰੀ ਧੂਪ ਉਹ ਨੂੰ ਦਿੱਤੀ ਗਈ।** ਕੁਝ ਲੋਕ ਸੋਚਦੇ ਹਨ ਕਿ ਸੱਤਵੀਂ ਮੋਹਰ ਤੋੜੇ ਜਾਣ (ਆਇਤ 1) ਅਤੇ ਗਰਜਾਂ (ਆਇਤ 5) ਦੇ ਵਿਚਕਾਰ ਜੋ ਕੁਝ ਹੋਇਆ ਉਹ ਪੂਰੀ ਚੁੱਪਚਾਣ ਦੇ ਦਰਮਿਆਨ ਹੋਇਆ। ਜੇਕਰ ਅਜਿਹਾ ਹੈ ਤਾਂ ਚੁੱਪੀ ਨੇ ਇਸ ਕਿਰਿਆ ਦੇ ਪ੍ਰਭਾਵ ਨੂੰ ਵਧਾ ਦਿੱਤਾ ਹੋਵੇਗਾ।

ਕੁਝ ਲੋਕਾਂ ਨੇ ਇਸ ਬੰਦ ਦੀ ਵਰਤੋਂ ਕਰਕੇ ਇਹ ਸਿਖਾਉਣ ਦਾ ਜਤਨ ਕੀਤਾ ਹੈ ਕਿ ਦੂਤ ਮਸੀਹੀ ਲੋਕਾਂ ਦੇ ਲਈ ਵਿਚੋਲਗੀ ਕਰਦੇ ਹਨ। ਪਰ ਧੂਪ ਦਾ ਅਰੰਭ ਦੂਤ ਕੋਲੋਂ ਨਹੀਂ ਹੋਇਆ, ਇਹ ਤਾਂ **ਉਹ ਨੂੰ ਦਿੱਤੀ ਗਈ** ਸੀ। **ਦੂਤ** ਤਾਂ ਕੇਵਲ ਇੱਕ ਸੇਵਕ ਹੈ, ਜੋ ਸਿੰਘਾਸਣ ਤੋਂ ਮਿਲਣ ਵਾਲੇ ਨਿਰਦੇਸ਼ਾਂ ਨੂੰ ਪੂਰਾ ਕਰਦਾ ਹੈ, ਜਿਵੇਂ ਕਿ ਪੂਰੀ ਪਰਕਾਸ਼ ਦੀ ਪੋਥੀ ਵਿੱਚ ਵੇਖਿਆ ਜਾ ਸਕਦਾ ਹੈ।

ਇਸ ਤੱਥ ਨੇ, ਕਿ ਦੂਤ ਨੂੰ **ਬਹੁਤ ਸਾਰੀ ਧੂਪ** ਦਿੱਤੀ ਗਈ ਸੀ, ਕੁਝ ਟਿੱਪਣੀਕਾਰਾਂ ਨੂੰ ਇਹ ਸੋਚਣ ’ਤੇ ਮਜਬੂਰ ਕੀਤਾ ਹੈ ਕਿ ਇਹ ਪ੍ਰਤੀਕਵਾਦ ਯਹੂਦੀ ਪ੍ਰਾਸਚਿਤ ਦੇ ਦਿਨ ਤੋਂ ਲਿਆ ਗਿਆ ਹੈ, ਕਿਉਂਕਿ ਪ੍ਰਾਸਚਿਤ ਦੇ ਦਿਨ ਮਹਾ ਪਵਿੱਤਰ ਅਸਥਾਨ ਵਿੱਚ ਬਾਕੀ ਦਿਨਾਂ ਨਾਲੋਂ ਵਧੇਰੇ ਧੂਪ ਲਿਜਾਈ ਜਾਂਦੀ ਸੀ।

ਦੂਤ ਨੂੰ ਦਿੱਤੀ ਗਈ ਧੂਪ ਦਾ ਮਕਸਦ ਇਹ ਸੀ **ਭਈ ਉਹ ਉਸ ਨੂੰ ਸਭਨਾਂ ਸੰਤਾਂ ਦੀਆਂ ਪ੍ਰਾਰਥਨਾਂ ਦੇ ਨਾਲ ਨਾਲ ਉਸ ਸੋਨੇ ਦੀ ਜਗਵੇਦੀ ਉੱਤੇ ਧੁਖਾਉਂਦਾ ਰਹੇ ਜਿਹੜੀ ਸਿੰਘਾਸਣ ਦੇ ਅੱਗੇ ਹੈ।** ਇਹ ਦ੍ਰਿਸ਼ ਅਧਿਆਇ 6 ਦੇ ਦ੍ਰਿਸ਼ ਨਾਲ ਮੇਲ ਖਾਂਦਾ ਹੈ, ਜਿਸ ਵਿੱਚ ਸ਼ਹੀਦਾਂ ਨੇ ਪੁਕਾਰ ਕੇ ਆਖਿਆ ਸੀ, “ਕਦੋਂ ਤੋੜੀ?” (6:9, 10)। ਪਰ ਫਿਰ ਵੀ ਇਹ ਗੌਰ ਕਰਨਾ ਮਹੱਤਵਪੂਰਣ ਹੈ ਕਿ ਇੱਥੇ ਇਹ ਪ੍ਰਾਰਥਨਾਵਾਂ ਕੇਵਲ ਸ਼ਹੀਦਾਂ ਦੀਆਂ ਨਹੀਂ, ਪਰ **ਸਭਨਾਂ ਸੰਤਾਂ ਦੀਆਂ** ਸਨ।

ਇਹ ਪ੍ਰਤੀਕਵਾਦ ਪੁਰਾਣੇ ਨੇਮ ਤੋਂ ਹੈ: **ਸੋਨੇ ਦੀ ਜਗਵੇਦੀ** ਧੂਪ ਧੁਖਾਉਣ ਦੀ ਜਗਵੇਦੀ ਸੀ ਜਿਸ ਨੂੰ ਤੰਬੂ ਦੇ ਪਵਿੱਤਰ ਅਸਥਾਨ ਦੇ ਵਿੱਚ ਰੱਖਿਆ ਜਾਂਦਾ ਸੀ (ਕੂਚ 30:1-8)। ਇਹ ਇੱਕ ਛੋਟੀ ਜਗਵੇਦੀ ਸੀ ਜਿਸ ਦੀ ਉਚਾਈ ਤਿੰਨ ਫੁਟ ਅਤੇ ਲੰਬਾਈ-ਚੌੜਾਈ ਡੇਢ-ਡੇਢ ਫੁਟ ਸੀ, ਇਹ ਲੱਕੜ ਦੀ ਬਣੀ ਅਤੇ ਸੋਨੇ ਨਾਲ ਮੜ੍ਹੀ ਸੀ। ਇੱਕ ਅੰਗੀਠੀ, ਜਿਸ ਨੂੰ ਧੂਪਦਾਨੀ ਆਖਿਆ ਜਾਂਦਾ ਸੀ, ਇਸ ਜਗਵੇਦੀ ਦੇ ਉੱਤੇ ਰੱਖੀ ਜਾਂਦੀ ਸੀ, ਅਤੇ ਧੂਪ ਇਸ ਅੰਗੀਠੀ ਦੇ ਉੱਤੇ ਪਾਈ ਜਾਂਦੀ ਸੀ। ਇਹ ਜਗਵੇਦੀ ਉਸ ਪਰਦੇ ਦੇ ਠੀਕ ਸਾਹਮਣੇ ਰੱਖੀ ਜਾਂਦੀ ਸੀ ਜੋ ਪਵਿੱਤਰ ਅਸਥਾਨ ਅਤੇ ਮਹਾ ਪਵਿੱਤਰ ਅਸਥਾਨ ਅਰਥਾਤ “ਅੱਤ ਪਵਿੱਤਰ ਅਸਥਾਨ” (KJV) ਨੂੰ ਵੰਡਦਾ ਸੀ।

ਜਿਵੇਂ ਕਿ ਪਹਿਲਾਂ ਵੀ ਸੁਝਾਓ ਦਿੱਤਾ ਗਿਆ ਹੈ, ਇਹ ਦ੍ਰਿਸ਼ ਅਧਿਆਇ 6 ਦੇ ਦ੍ਰਿਸ਼ ਨਾਲ ਮੇਲ ਖਾਂਦਾ ਹੈ, ਜਿੱਥੇ ਸ਼ਹੀਦਾਂ ਦੀਆਂ ਜਾਨਾਂ “ਜਗਵੇਦੀ ਦੇ ਹੇਠਾਂ” ਸਨ (6:9)। 6:9–11 ਵਿਚਲੀ ਵੇਦੀ ਪੁਰਾਣੇ ਨੇਮ ਦੀ ਕੁਰਬਾਨੀ ਵਾਲੀ ਪਿੱਤਲ ਦੀ ਜਗਵੇਦੀ ਨਾਲ ਸੰਬੰਧਤ ਹੈ, ਜਿਹੜੀ ਤੰਬੂ ਦੇ ਸਾਹਮਣੇ ਰੱਖੀ ਹੁੰਦੀ ਸੀ। ਸਪੱਸ਼ਟ ਤੌਰ ’ਤੇ ਪਰਕਾਸ਼ ਦੀ ਪੋਥੀ ਵਿੱਚ ਇੱਕੋ ਜਗਵੇਦੀ ਦਾ ਜ਼ਿਕਰ ਹੋਇਆ ਹੈ ਜਿਸ ਨੂੰ ਕਦੇ-ਕਦੇ ਧੂਪ ਧੁਖਾਉਣ ਵਾਲੀ ਸੋਨੇ ਦੀ ਜਗਵੇਦੀ ਵਜੋਂ ਦਰਸਾਇਆ ਗਿਆ ਹੈ ਅਤੇ ਕਦੇ-ਕਦੇ ਪਿੱਤਲ ਦੀ ਜਗਵੇਦੀ ਵਜੋਂ। ਮਾਉਂਸ ਨੇ ਆਖਿਆ,

"ਅਜਿਹਾ ਕੋਈ ਕਾਰਨ ਨਹੀਂ ਹੈ ਕਿ ਯੂਹੰਨਾ ਦੇ ਦਰਸ਼ਣ ਵਿਚਲੀਆਂ ਦੋ [ਜਗਵੇਦੀਆਂ] ਨੂੰ ਇੱਕ ਵਜੋਂ ਨਾ ਵੇਖਿਆ ਜਾਵੇ।"[12] 8:1-5 ਵਿਚਲੀ ਜਗਵੇਦੀ ਬਾਰੇ ਪੈਕ ਨੇ ਲਿਖਿਆ, "ਇਹ ਗੱਲ ਸੰਦੇਹਪੂਰਣ ਜਾਪਦੀ ਹੈ ਕਿ ਇਸ ਬੰਦ ਵਿੱਚ ਦੋ ਵੱਖਰੀਆਂ ਜਗਵੇਦੀਆਂ ਦਾ ਜ਼ਿਕਰ ਹੋਇਆ ਹੈ, ਪਰ ਇਹ ਸੰਭਵ ਹੈ ਕਿ ਸੋਨੇ ਦੀ ਜਗਵੇਦੀ ਅਤੇ ਹੋਮਬਲੀ ਦੀ ਜਗਵੇਦੀ ਦੀਆਂ ਖਾਸੀਅਤਾਂ ਨੂੰ ਇਸ ਜਗਵੇਦੀ ਵਿੱਚ ਮਿਲਾਇਆ ਗਿਆ ਹੈ।"[13] ਅਧਿਆਇ 6 ਵਿਚਲੀ ਜਗਵੇਦੀ ਦੀ ਬਜਾਇ ਅਧਿਆਇ 8 ਵਿਚਲੀ ਜਗਵੇਦੀ ਵਿੱਚ ਧੂਪ ਧੁਖਾਉਣ ਵਾਲੀ ਜਗਵੇਦੀ ਦੇ ਵਧੇਰੇ ਗੁਣ ਪਾਏ ਜਾਂਦੇ ਹਨ: ਇਹ ਸੋਨੇ ਦੀ ਹੈ (ਪਿੱਤਲ ਦੀ ਨਹੀਂ) ਅਤੇ ਇਸ ਉੱਤੇ ਧੂਪ ਧੁਖਾਈ ਗਈ (ਬਲੀਦਾਨ ਨਹੀਂ ਚੜ੍ਹਾਏ ਗਏ)।

**ਆਇਤ 4. ਅਤੇ ਧੂਪ ਦਾ ਧੂੰਆਂ ਸੰਤਾਂ ਦੀਆਂ ਪ੍ਰਾਰਥਨਾਂ ਨਾਲ ਉਸ ਦੂਤ ਦੇ ਹੱਥੋਂ ਪਰਮੇਸ਼ੁਰ ਦੇ ਹਜ਼ੂਰ ਅੱਪੜ ਗਿਆ।** ਨਿਰਧਾਰਿਤ ਸਮਿਆਂ 'ਤੇ ਜਾਜਕ ਇੱਕ ਧੂਪਦਾਨੀ ਨੂੰ ਪਿੱਤਲ ਦੀ ਜਗਵੇਦੀ (ਹੋਮਬਲੀ ਦੀ ਜਗਵੇਦੀ) ਦੇ ਕੋਲ ਲਿਜਾਂਦਾ ਹੁੰਦਾ ਸੀ ਅਤੇ ਅੰਗੀਠੀ ਨੂੰ ਬਲਦੇ ਕੋਲਿਆਂ ਨਾਲ ਭਰਦਾ ਹੁੰਦਾ ਸੀ। (ਵੇਖੋ ਲੇਵੀਆਂ 16:12; ਗਿਣਤੀ 16:46; ਹੋਮਬਲੀ ਦੀ ਜਗਵੇਦੀ ਉੱਤੇ ਬਲਦੇ ਕੋਲੇ ਹਮੇਸ਼ਾ ਰਹਿੰਦੇ ਹੁੰਦੇ ਸਨ, ਜਦਕਿ ਧੂਪ ਧੁਖਾਉਣ ਵਾਲੀ ਵੇਦੀ ਉੱਤੇ ਅਜਿਹਾ ਨਹੀਂ ਹੁੰਦਾ ਸੀ; ਇਸ ਕਰਕੇ ਇਸ ਬੰਦ ਵਿੱਚ ਦੱਸੀ ਗਈ ਜਗਵੇਦੀ ਹੋਮਬਲੀ ਦੀ ਜਗਵੇਦੀ ਹੈ।) ਫਿਰ ਜਾਜਕ ਧੂਪਦਾਨੀ ਅਤੇ **ਧੂਪ** ਨੂੰ ਪਵਿੱਤਰ ਅਸਥਾਨ ਵਿੱਚ ਲਿਜਾਂਦਾ ਸੀ, ਧੂਪਦਾਨੀ ਨੂੰ ਸੋਨੇ ਦੀ ਜਗਵੇਦੀ ਉੱਤੇ ਧਰਦਾ ਸੀ ਅਤੇ ਧੂਪ ਨੂੰ ਬਲਦੇ ਕੋਲਿਆਂ ਉੱਤੇ ਛਿੜਕ ਦਿੰਦਾ ਸੀ (ਵੇਖੋ ਲੇਵੀਆਂ 16:12, 13)। ਛੇਤੀ ਹੀ, ਬਹੁਤ ਵਧੀਆ ਸੁਗੰਧ ਪਵਿੱਤਰ ਅਸਥਾਨ ਵਿੱਚ ਭਰ ਜਾਂਦੀ ਸੀ ਅਤੇ ਅੱਤ ਪਵਿੱਤਰ ਅਸਥਾਨ ਵਿੱਚ ਵੀ ਵੜਦੀ ਸੀ। ਅੱਤ ਪਵਿੱਤਰ ਅਸਥਾਨ ਵਿੱਚ ਨੇਮ ਦਾ ਸੰਦੂਕ ਜਾਂ "ਸਾਖੀ ਦਾ ਸੰਦੂਕ" (NASB) ਹੁੰਦਾ ਸੀ, ਜਿਸ ਦੇ ਉੱਤੇ ਪਰਾਸਚਿਤ ਦਾ ਸਰਪੋਸ਼ ਧਰਿਆ ਹੁੰਦਾ ਸੀ: ਇਹ ਉਹ ਥਾਂ ਸੀ ਜਿੱਥੇ ਪਮਰੇਸ਼ੁਰ ਨੇ ਆਪਣੇ ਲੋਕਾਂ ਨਾਲ ਮੁਲਾਕਾਤ ਕਰਨ ਦੀ ਵਾਇਦਾ ਕੀਤਾ ਸੀ (ਵੇਖੋ ਕੂਚ 25:17-22; 26:34)। ਯਹੂਦੀ ਵਿਚਾਰਧਾਰਾ ਵਿੱਚ ਇਹ ਸੁਗੰਧ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਅੱਪੜਦੀ ਸੀ। ਧੂਪ ਧੁਖਾਉਣ ਦੀ ਜਗਵੇਦੀ ਅੱਤ ਪਵਿੱਤਰ ਅਸਥਾਨ ਦੇ ਨਾਲ ਐਨੀ ਜ਼ਿਆਦਾ ਨੇੜਤਾ ਨਾਲ ਸੰਬੰਧਤ ਸੀ ਕਿ ਇਬਰਾਨੀਆਂ ਦੀ ਪੱਤਰੀ ਦੇ ਲੇਖਕ ਨੇ ਇਸ ਨੂੰ ਅੱਤ ਪਵਿੱਤਰ ਅਸਥਾਨ ਦੇ *ਅੰਦਰ* ਦਰਸਾਇਆ ਹੈ (ਵੇਖੋ ਇਬਰਾਨੀਆਂ 9:3, 4)।

ਲਗਭਗ ਅਰੰਭ ਤੋਂ ਹੀ ਸੋਨੇ ਦੀ ਜਗਵੇਦੀ ਉੱਤੇ ਜਲਾਈ ਜਾਣ ਵਾਲੀ ਧੂਪ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਜਾਣ ਵਾਲੀਆਂ **ਪ੍ਰਾਰਥਨਾਂ** ਦੇ ਨਾਲ ਸੰਬੰਧਤ ਰਹੀ ਹੈ। ਦਾਉਦ ਨੇ ਲਿਖਿਆ, "ਮੇਰੀ ਪ੍ਰਾਰਥਨਾ ਤੇਰੇ ਹਜ਼ੂਰ ਸੁਗੰਧੀ ਵਾਂਙੁ ਠਹਿਰੇ" (ਜ਼ਬੂਰ 141:2)। ਹੈਕਲ ਦੀ ਉਸਾਰੀ ਹੋ ਜਾਣ ਤੋਂ ਬਾਅਦ, ਦਿਨ ਵਿੱਚ ਦੋ ਵਾਰੀ ਧੂਪ ਧੁਖਾਉਣ ਦੀ ਰਸਮ ਵੇਲੇ (ਕੂਚ 30:7, 8), ਯਹੂਦੀ ਲੋਕ ਇਸਤਰੀਆਂ ਦੇ ਵਿਹੜੇ ਵਿੱਚ ਪ੍ਰਾਰਥਨਾ ਕਰਨ ਲਈ ਇਕੱਠੇ ਹੁੰਦੇ ਸਨ। ਲੂਕਾ 1 ਵਿੱਚ ਜਦ ਜ਼ਕਰਯਾਹ ਹੈਕਲ ਵਿੱਚ ਧੂਪ ਧੁਖਾਉਣ ਲਈ ਗਿਆ ਸੀ (ਲੂਕਾ 1:5, 8, 9, 11), ਤਾਂ "ਧੂਪ ਧੁਖਾਉਣ ਵੇਲੇ ਲੋਕਾਂ ਦੀ ਸਾਰੀ ਸੰਗਤ ਬਾਹਰ ਪ੍ਰਾਰਥਨਾ ਕਰ ਰਹੀ ਸੀ" (ਲੂਕਾ 1:10)। ਧੂਪ ਅਤੇ ਪ੍ਰਾਰਥਨਾਵਾਂ ਦੇ ਆਪਸ ਵਿੱਚ ਮਿਲਣ ਦੇ ਪ੍ਰਤੀਕ ਤੋਂ ਅਰੰਭਕ ਮਸੀਹੀ ਚੰਗੀ ਤਰ੍ਹਾਂ ਜਾਣੂ ਹੋਣਗੇ, ਖਾਸ ਤੌਰ 'ਤੇ ਯਹੂਦੀ ਪਿਛੋਕੜ ਦੇ ਮਸੀਹੀ। ਪਰ ਇਹ ਚੇਤੇ ਰੱਖਣਾ ਮਹੱਤਵਪੂਰਣ ਹੈ

ਕਿ ਇਹ ਭਾਸ਼ਾ ਪ੍ਰਤੀਕਾਤਮਕ ਹੈ। ਇੱਥੇ ਪ੍ਰਤੀਕਾਤਮਕ ਰੂਪ ਵਿੱਚ ਧੂਪ ਦਾ ਇਸਤੇਮਾਲ ਇਹ ਨਹੀਂ ਆਖਦਾ ਹੈ ਕਿ ਅੱਜ ਆਡੀ ਅਰਾਧਨਾ ਸਭਾ ਵਿੱਚ ਸਾਨੂੰ ਧੂਪ ਦੀ ਵਰਤੋਂ ਕਰਨੀ ਚਾਹੀਦੀ ਹੈ (5:8 ਦੀਆਂ ਟਿੱਪਣੀਆਂ ਵੇਖੋ)।

ਪਰਕਾਸ਼ ਦੀ ਪੋਥੀ 5 ਵਿੱਚ ਦਰਸਾਇਆ ਗਿਆ ਹੈ ਕਿ ਚੱਵੀ ਬਜ਼ੁਰਗਾਂ ਦੇ ਕੋਲ "ਧੂਪ ਨਾਲ ਭਰੇ ਹੋਏ ਸੋਨੇ ਦੇ ਕਟੋਰੇ" ਸਨ, ਜਿਸ ਨੂੰ "ਸੰਤਾਂ ਦੀਆਂ ਪ੍ਰਾਰਥਨਾਂ" ਆਖਿਆ ਗਿਆ ਹੈ (5:8)। ਅਧਿਆਇ 8 ਵਿੱਚ ਇਹ ਤਸਵੀਰ ਥੋੜੀ ਬਦਲ ਗਈ ਹੈ: ਇੱਥੇ ਧੂਪ ਨੂੰ ਸੰਤਾਂ ਦੀਆਂ ਪ੍ਰਾਰਥਨਾਵਾਂ ਦੇ ਨਾਲ *ਮਿਲਾਇਆ* ਗਿਆ ਹੈ, ਅਤੇ ਫਿਰ "ਧੂਪ ਦਾ ਧੂੰਆਂ ਸੰਤਾਂ ਦੀਆਂ ਪ੍ਰਾਰਥਨਾਂ *ਨਾਲ* ਓਸ ਦੂਤ ਦੇ ਹੱਥੋਂ ਪਰਮੇਸ਼ੁਰ ਦੇ ਹਜ਼ੂਰ ਅੱਪੜ ਗਿਆ" (ਜ਼ੋਰ ਦਿੱਤਾ ਗਿਆ ਹੈ)। ਜੇਕਰ ਪਰਕਾਸ਼ ਦੀ ਪੋਥੀ 8 ਵਿਚਲੀ ਪ੍ਰਾਰਥਨਾ ਅਤੇ ਧੂਪ ਵਿਚਕਾਰ ਅੰਤਰ ਕਰਨਾ ਹੋਵੇ, ਤਾਂ ਇੱਥੇ ਧੂਪ ਨੂੰ ਮਸੀਹ ਅਤੇ ਪਵਿੱਤਰ ਆਤਮਾ ਦੀ ਵਿਚੋਲਗੀ ਦਾ ਪ੍ਰਤੀਕ ਆਖਿਆ ਜਾ ਸਕਦਾ ਹੈ (ਰੋਮੀਆਂ 8:26, 34; ਵੇਖੋ ਇਬਰਾਨੀਆਂ 7:25; 1 ਯੂਹੰਨਾ 2:1)। ਲਿਓਨ ਮੋਰਿਸ ਨੇ ਗੌਰ ਕੀਤਾ, "ਪ੍ਰਾਰਥਨਾ ਵਿੱਚ ਤੁਸੀਂ ਇਕੱਲੇ ਨਹੀਂ ਹੁੰਦੇ, ਜਿਵੇਂ ਕਿ ਤੁਸੀਂ ਅਕਸਰ ਮਹਿਸੂਸ ਕਰਦੇ ਹੋ। ਇਸ ਵਿੱਚ ਸੁਰਗੀ ਸਹਾਇਤਾ ਆਉਂਦੀ ਹੈ ਅਤੇ ਸਾਡੀਆਂ ਪ੍ਰਾਰਥਨਾਵਾਂ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਅੱਪੜਦੀਆਂ ਹਨ।"[14]

ਜਗਵੇਦੀ ਅਤੇ ਧੂਪ ਬਾਰੇ ਹੋਈ ਚਰਚਾ ਸਾਨੂੰ ਮੁੱਖ ਬਿੰਦੂ ਤੋਂ ਭਟਕਾ ਨਾ ਦੇਵੇ: ਜਦ ਮਸੀਹੀ ਲੋਕ ਪ੍ਰਾਰਥਨਾ ਕਰਦੇ ਹਨ, ਤਾਂ ਸੁਰਗ ਖੁਸ਼ ਹੁੰਦਾ ਹੈ (5:8 ਦੀਆਂ ਟਿੱਪਣੀਆਂ ਵੇਖੋ)। ਪੁਰਾਣੇ ਨੇਮ ਦੀ ਭਾਸ਼ਾ ਵਿੱਚ, ਧੂਪ ਪਰਮੇਸ਼ੁਰ ਦੇ ਲਈ ਇੱਕ ਸੁਗੰਧ ਹੁੰਦੀ ਸੀ। ਪੁਰਾਣੇ ਨੇਮ ਵਿੱਚ ਬਲੀਦਾਨਾਂ ਦੇ ਸੰਬੰਧ ਵਿੱਚ ਇਹ ਸ਼ਬਦ ਬਾਰ-ਬਾਰ ਵੇਖੇ ਜਾ ਸਕਦੇ ਹਨ "ਮਿੱਠੀ ਸੁਗੰਧ" (KJV), "ਸੁਖਦਾਈ ਸੁਗੰਧ" (NASB), ਜਾਂ "ਸੁਹਾਉਣੀ ਸੁਗੰਧ" (NIV) (ਵੇਖੋ ਉਤਪਤ 8:21; ਕੂਚ 29:18; ਲੇਵੀਆਂ 1:9; ਗਿਣਤੀ 15:7)। AB ਇਨ੍ਹਾਂ ਸ਼ਬਦਾਂ ਨੂੰ ਇਸ ਤਰ੍ਹਾਂ ਵਿਸਥਾਰ ਨਾਲ ਲਿਖਦੀ ਹੈ: "ਉਸ ਦੇ ਹਿਰਦੇ ਲਈ ਸੰਤੋਖ ਦੀ ਸੁਗੰਧ।" ਇਸੇ ਤਰ੍ਹਾਂ ਮਸੀਹੀ ਲੋਕਾਂ ਦੀਆਂ ਪ੍ਰਾਰਥਨਾਵਾਂ ਪਰਮੇਸ਼ੁਰ ਦੀ ਦ੍ਰਿਸ਼ਟੀ ਵਿੱਚ ਮਿੱਠੀਆਂ ਹਨ। "ਪਰ ਸਚਿਆਰਾਂ ਦੀ ਪ੍ਰਾਰਥਨਾ ਤੋਂ ਉਹ ਪਰਸੰਨ ਹੁੰਦਾ ਹੈ" (ਕਹਾਉਤਾਂ 15:8)। ਸੁਰਗ ਉਦੋਂ ਖੁਸ਼ ਹੁੰਦਾ ਹੈ ਜਦੋਂ ਪਰਮੇਸ਼ੁਰ ਦੇ ਲੋਕ ਪ੍ਰਾਰਥਨਾ ਕਰਦੇ ਹਨ।

**ਆਇਤ 5.** ਪਰਮੇਸ਼ੁਰ ਚਾਹੁੰਦਾ ਹੈ ਕਿ ਮਸੀਹੀ ਲੋਕ ਹਰੇਕ ਗੱਲ ਲਈ ਪ੍ਰਾਰਥਨਾ ਕਰਨ (ਫ਼ਿਲਿੱਪੀਆਂ 4:6)। ਕਿਸੇ ਨੇ ਠੀਕ ਹੀ ਆਖਿਆ ਹੈ, "ਜੇਕਰ ਕੋਈ ਗੱਲ ਸੋਚਣ ਦੇ ਲਾਇਕ ਹੈ, ਤਾਂ ਉਹ ਪ੍ਰਾਰਥਨਾ ਕਰਨ ਦੇ ਲਾਇਕ ਵੀ ਹੈ।" ਪਰ ਫਿਰ ਵੀ, ਪਰਕਾਸ਼ ਦੀ ਪੋਥੀ 8 ਦੇ ਪਹਿਲੇ ਹਿੱਸੇ ਵਿੱਚ ਸੰਤਾਂ ਦੇ ਦੁਆਰਾ ਇੱਕ ਖਾਸ ਤਰ੍ਹਾਂ ਦੀ ਪ੍ਰਾਰਥਨਾ ਕੀਤੀ ਜਾ ਰਹੀ ਸੀ—ਉਸ ਬੇਨਤੀ ਦੇ ਨਾਲ ਮਿਲਦੀ-ਜੁਲਦੀ ਜਿਹੜੀ ਉਨ੍ਹਾਂ ਦੁਆਰਾ ਕੀਤੀ ਜਾ ਰਹੀ ਸੀ ਜਿਹੜੇ "ਜਗਵੇਦੀ ਦੇ ਹੇਠਾਂ . . . ਵੱਢੇ ਗਏ ਸਨ . . . ਕਦੋਂ ਤੋੜੀ ਤੂੰ ਨਿਆਉਂ ਨਹੀਂ ਕਰਦਾ ਅਤੇ ਧਰਤੀ ਦੇ ਵਾਸੀਆਂ ਕੋਲੋਂ ਸਾਡੇ ਲਹੂ ਦਾ ਵੱਟਾ ਨਹੀਂ ਲੈਂਦਾ ਹੈਂ?" (6:9, 10)। ਇਹ ਸਿੱਟਾ ਉਸ ਗੱਲ 'ਤੇ ਅਧਾਰਿਤ ਹੈ ਜਿਹੜੀ ਪ੍ਰਾਰਥਨਾਵਾਂ ਤੋਂ ਬਾਅਦ ਹੋਈ। **ਤਾਂ ਦੂਤ ਨੇ ਧੂਪਦਾਨੀ ਲਈ ਅਤੇ ਜਗਵੇਦੀ ਦੀ ਕੁਝ ਅੱਗ ਓਸ ਵਿੱਚ ਭਰ ਕੇ ਧਰਤੀ ਉੱਤੇ ਸੁੱਟ ਦਿੱਤੀ।** ਇੱਥੇ **ਧਰਤੀ** ਸ਼ਬਦ ਉਨ੍ਹਾਂ ਵੱਲ ਇਸ਼ਾਰਾ ਕਰਦਾ ਹੈ ਜਿਨ੍ਹਾਂ ਨੇ ਨਵੇਂ ਸਿਰਿਓਂ ਜਨਮ ਪ੍ਰਾਪਤ ਨਹੀਂ ਕੀਤਾ ਹੈ (3:10 ਦੀਆਂ

ਟਿੱਪਣੀਆਂ ਵੇਖੋ)। ਸ਼ਹੀਦਾਂ ਨੇ ਪੁੱਛਿਆ ਸੀ, "ਕਦੋਂ ਤੋੜੀ ਤੂੰ ਨਿਆਉਂ ਨਹੀਂ ਕਰਦਾ ਅਤੇ *ਧਰਤੀ ਦੇ* ਵਾਸੀਆਂ ਕੋਲੋਂ ਸਾਡੇ ਲਹੂ ਦਾ ਵੱਟਾ ਨਹੀਂ ਲੈਂਦਾ ਹੈਂ?" (ਜ਼ੋਰ ਦਿੱਤਾ ਗਿਆ ਹੈ)। ਜਗਵੇਦੀ ਤੋਂ ਅੱਗ ਲੈ ਕੇ "ਧਰਤੀ ਉੱਤੇ" ਸੁੱਟਿਆ ਜਾਣਾ ਉਨ੍ਹਾਂ ਤੋਂ ਬਦਲਾ ਲਏ ਜਾਣ ਨੂੰ ਦਰਸਾਉਂਦਾ ਹੈ, ਜਿਨ੍ਹਾਂ ਨੇ ਮਸੀਹੀ ਲੋਕਾਂ ਦਾ ਵਿਰੋਧ ਕੀਤਾ ਸੀ। ਇਹ ਦ੍ਰਿਸ਼ ਹਿਜ਼ਕੀਏਲ ਦੇ ਦ੍ਰਿਸ਼ ਨਾਲ ਮੇਲ ਖਾਂਦਾ ਹੈ, ਜਿਸ ਵਿੱਚ ਇੱਕ ਮਨੁੱਖ ਨੂੰ, ਜਿਸ ਨੇ ਕਤਾਨੀ ਕੱਪੜੇ ਪਾਏ ਹੋਏ ਸਨ, ਅੱਗ ਦੇ ਅੰਗਿਆਰੇ ਜਿਹੜੇ ਕਰੂਬੀਆਂ ਦੇ ਵਿਚਾਲੇ ਸਨ, ਮੁੱਠ ਭਰ ਕੇ ਚੁੱਕਣ ਅਤੇ ਸ਼ਹਿਰ ਦੇ ਉੱਪਰ ਖਿਲਾਰ ਦੇਣ ਲਈ ਆਖਿਆ ਗਿਆ ਸੀ (ਹਿਜ਼ਕੀਏਲ 10:2)। ਇੱਥੇ ਇਸਤੇਮਾਲ ਕੀਤੀ ਗਈ ਭਾਸ਼ਾ ਨਿਆਉਂ ਨੂੰ ਦਰਸਾਉਂਦੀ ਹੈ।

ਜਦ ਅੱਗ ਧਰਤੀ ਉੱਤੇ ਡਿੱਗੀ, **ਤਾਂ ਬੱਦਲ ਦੀਆਂ ਗਰਜਾਂ ਅਤੇ ਅਵਾਜ਼ਾਂ ਅਤੇ ਬਿਜਲੀ ਦੀਆਂ ਲਿਸ਼ਕਾਂ ਹੋਈਆਂ ਅਤੇ ਭੁਚਾਲ ਆਇਆ!** ਅਧਿਆਇ 4 ਵਿੱਚ "ਬਿਜਲੀਆਂ ਦੀਆਂ ਲਿਸ਼ਕਾਂ ਅਤੇ ਅਵਾਜ਼ਾਂ ਅਤੇ ਬੱਦਲ ਦੀਆਂ ਗਰਜਾਂ" ਪਰਮੇਸ਼ੁਰ ਦੇ ਸਿੰਘਾਸਣ ਵਿੱਚੋਂ ਨਿਕਲੀਆਂ ਸਨ (4:5)। ਅਧਿਆਇ 6 ਵਿੱਚ ਭੂਚਾਲ ਉਸ ਨੂੰ ਹਿਲਾਏ ਜਾਣ ਦਾ ਪ੍ਰਤੀਕ ਹੈ ਜਿਸ ਨੂੰ ਲੋਕ ਅਡੋਲ ਮੰਨਦੇ ਸਨ (6:12 ਦੀਆਂ ਟਿੱਪਣੀਆਂ ਵੇਖੋ)। ਆਇਤ 5 ਵਿੱਚ ਇਨ੍ਹਾਂ ਸ਼ਬਦਾਂ ਦਾ ਮਿਸ਼ਰਣ ਰੱਬੀ ਨਿਆਉਂ ਦੇ ਵਿਚਾਰ ਉੱਤੇ ਬਲ ਦਿੰਦਾ ਹੈ। ਅਵਿਸ਼ਵਾਸੀਆਂ ਦੇ ਲਈ ਪਰਮੇਸ਼ੁਰ ਦੀ ਚਿਤਾਉਣੀ ਸਪੱਸ਼ਟ ਸੀ: ਜੇਕਰ ਤੁਸੀਂ ਮੇਰੇ ਲੋਕਾਂ ਨੂੰ ਸਤਾਓਗੇ, ਤਾਂ ਤੁਹਾਨੂੰ ਮੈਨੂੰ ਜਵਾਬ ਦੇਣਾ ਪਵੇਗਾ।

ਆਇਤਾਂ 4 ਅਤੇ 5 ਵਿੱਚ ਰੱਬੀ ਨਿਆਉਂ ਦੇ ਸੰਦੇਸ਼ ਦੀ ਅਰੰਭਕ ਮਸੀਹੀ ਪਾਠਕਾਂ ਨੂੰ ਬਹੁਤ ਜ਼ਿਆਦਾ ਲੋੜ ਸੀ। "ਸਤਾਓ ਅਤੇ ਤਿਰਸਕਾਰ ਦੀਆਂ ਸਾਰੀਆਂ ਤਾਕਤਾਂ ਉਨ੍ਹਾਂ ਦੇ ਵਿਰੁੱਧ ਖੋਲ੍ਹ ਦਿੱਤੀਆਂ ਗਈਆਂ ਸਨ। ਪਰ ਉਨ੍ਹਾਂ ਦੇ ਕੋਲ ਨਾ ਤਾਂ ਹਥਿਆਰ ਸਨ ਅਤੇ ਨਾ ਹੀ ਵੋਟਾਂ। ਉਨ੍ਹਾਂ ਦੇ ਕੋਲ ਬਹੁਤ ਥੋੜ੍ਹੇ ਪੈਸੇ ਸਨ ਅਤੇ ਕੋਈ ਇੱਜ਼ਤ ਨਹੀਂ ਸੀ।"[15] ਉਨ੍ਹਾਂ ਵਿੱਚੋਂ ਘੱਟੋ-ਘੱਟ ਕੁਝ ਲੋਕ ਪੁੱਛ ਰਹੇ ਹੋਣਗੇ, "ਰੋਮ ਦੀ ਤਾਕਤ ਦੇ ਸਾਹਮਣੇ ਅਸੀਂ ਕੀ ਕਰ ਸਕਦੇ ਹਾਂ?" ਪਰਕਾਸ਼ ਦੀ ਪੋਥੀ 8 ਦਾ ਉੱਤਰ ਹੈ "ਪ੍ਰਾਰਥਨਾ ਕਰੋ!" ਥੋਮਸ ਟੌਰੈਂਸ ਨੇ ਇਹ ਵਿਚਾਰ ਪ੍ਰੇਰਕ ਸ਼ਬਦ ਲਿਖੇ:

> ਸੰਸਾਰ ਦੇ ਮਗਰ ਅਸਲੀਂ ਤਾਕਤਾਂ ਕਿਹੜੀਆਂ ਹਨ ਅਤੇ ਸਾਡੀ ਨਿਯਤੀ ਦੇ ਡੂੰਘੇ ਭੇਤ ਕੀ ਹਨ? ਹੈਰਾਨੀਜਨਕ ਉੱਤਰ ਇਹ ਹੈ: ਸੰਤਾਂ ਦੀਆਂ ਪ੍ਰਾਰਥਨਾਵਾਂ ਅਤੇ ਪਰਮੇਸ਼ੁਰ ਦੀ ਅੱਗ . . . । ਸਾਰੇ ਅਨ੍ਹੇਰੇ ਅਤੇ ਸੰਸਾਰ ਵਿੱਚ ਖੁੱਲ੍ਹੀਆਂ ਫਿਰਦੀਆਂ ਸਾਰੀਆਂ ਤਾਕਤਾਂ ਨਾਲੋਂ ਵਧੇਰੇ ਬਲਵੰਤ, ਵਧੇਰੇ ਤਾਕਤਵਰ, ਹੋਰ ਕਿਸੇ ਵੀ ਤਾਕਤ ਨਾਲੋਂ ਵਧੇਰੇ ਤਾਕਤਵਰ ਉਸ ਪ੍ਰਾਰਥਨਾ ਦੀ ਤਾਕਤ ਹੈ ਜਿਹੜੀ ਪਰਮੇਸ਼ੁਰ ਦੀ ਅੱਗ ਦੁਆਰਾ ਬਲਦੀ ਹੈ ਅਤੇ ਧਰਤੀ ਉੱਤੇ ਉਡੇਲੀ ਜਾਂਦੀ ਹੈ . . . ।
>
> . . . ਸੰਤਾਂ ਦੀਆਂ ਪ੍ਰਾਰਥਨਾਵਾਂ ਅਤੇ ਪਰਮੇਸ਼ੁਰ ਦੀ ਅੱਗ ਸਾਰੇ ਸੰਸਾਰ ਦੀ ਦਿਸ਼ਾ ਨੂੰ ਬਦਲ ਦਿੰਦੀਆਂ ਹਨ। ਇਹ ਸੰਸਾਰ ਦੀ ਜਾਣਕਾਰੀ ਵਿੱਚ ਸਭ ਤੋਂ ਵਧੇਰੇ ਬਲਵੰਤ, ਸਭ ਤੋਂ ਵਧੇਰੇ ਹਿਲਾਉਣ ਵਾਲੀਆਂ, ਸਭ ਤੋਂ ਵਧੇਰੇ ਕ੍ਰਾਂਤੀਕਾਰੀ ਅਤੇ ਸਭ ਤੋਂ ਵਧੇਰੇ ਡਰਾਉਣੀਆਂ ਤਾਕਤਾਂ ਹਨ। ਕਾਸ਼ ਕਿ ਅਸੀਂ ਜੋ ਮਸੀਹ ਦੀ ਕਲੀਸਿਯਾ ਦਾ ਹਿੱਸਾ ਹਾਂ, ਅਜਿਹੀ ਪ੍ਰਾਰਥਨਾ ਦੀ ਤਾਕਤ ਨੂੰ ਪਰਮੇਸ਼ੁਰ ਦੇ ਵਿੱਚ ਸੱਚਮੁੱਚ ਸਮਝ ਸਕੀਏ! . . .[16]

**ਆਇਤ 6.** ਗੜਗੜਾਹਟਾਂ ਅਤੇ ਲਿਸ਼ਕਾਂ ਤੁਰੀਆਂ ਦੇ ਵੱਜਣ ਦਾ ਕਾਰਣ ਬਣੀਆਂ। **ਫੇਰ**

**ਓਹਨਾਂ ਸੱਤਾਂ ਦੂਤਾਂ ਨੇ ਜਿਨ੍ਹਾਂ ਕੋਲ ਸੱਤ ਤੁਰ੍ਹੀਆਂ ਸਨ ਆਪਣੇ ਆਪ ਨੂੰ ਤੁਰ੍ਹੀਆਂ ਵਜਾਉਣ ਲਈ ਤਿਆਰ ਕੀਤਾ।**

ਸੀਨਈ ਪਰਬਤ ਤੇ ਜਦੋਂ ਮੂਸਾ ਨੂੰ ਸ਼ਰਾ ਦਿੱਤੀ ਗਈ, ਲੋਕਾਂ ਨੇ ਤੁਰ੍ਹੀ ਦੀ ਅਵਾਜ਼ ਸੁਣੀ (ਕੂਚ 19:16-19)। ਮੂਸਾ ਨੇ ਦੋ ਚਾਂਦੀ ਦੀਆਂ ਤੁਰ੍ਹੀਆਂ ਬਣਾਈਆਂ ਜੋ ਲੋਕਾਂ ਨੂੰ ਇਕੱਠਾ ਕਰਨ, ਚਿਤਾਵਨੀ ਦੇਣ ਅਤੇ ਕੁਝ ਖ਼ਾਸ ਮੌਕਿਆਂ ਦਾ ਐਲਾਨ ਕਰਨ ਲਈ ਇਸਤੇਮਾਲ ਕੀਤੀਆਂ ਜਾਂਦੀਆਂ ਸਨ (ਗਿਣਤੀ 10:1-10)। ਆਖ਼ਰਕਾਰ, ਤੁਰ੍ਹੀ ਫੂਕਣਾ ਯਹੋਵਾਹ ਦੇ ਦਿਨ - ਨਿਆਉਂ ਵਿੱਚ ਪ੍ਰਭੂ ਦੇ ਆਉਣ ਦੇ ਵਿਚਾਰ ਦਾ ਇੱਕ ਮਹੱਤਵਪੂਰਣ ਹਿੱਸਾ ਬਣ ਗਿਆ (ਯਸਾਯਾਹ 27:13; ਯੋਏਲ 2:1; ਸਫ਼ਨਯਾਹ 1:16; ਜ਼ਕਰਯਾਹ 9:14; ਮੱਤੀ 24:31)। ਜਦੋਂ ਬਹੁਤ ਸਾਰੇ ਲੋਕ ਪ੍ਰਭੂ ਦੇ ਆਖ਼ਰੀ ਦਿਨ ਬਾਰੇ ਸੋਚਦੇ ਹਨ, ਉਹ “ਆਖ਼ਰੀ ਤੁਰ੍ਹੀ” ਦੇ ਬਾਰੇ ਸੋਚਦੇ ਹਨ (1 ਕੁਰਿੰਥੀਆਂ 15:52; KJV; ਵੇਖੋ 1 ਥੱਸਲੁਨੀਕੀਆਂ 4:16)।

ਤੁਰ੍ਹੀ ਦਾ ਮੂਲ ਉਦੇਸ਼ ਧਿਆਨ ਨੂੰ ਖਿੱਚਣਾ ਸੀ। ਬਹੁਤ ਸਾਰੇ ਲੋਕ ਇਸ ਨੂੰ ਧੂਮ-ਧੜੱਕੇ ਨਾਲ ਜੋੜ ਕੇ ਵੇਖਦੇ ਹਨ ਜੋ ਕਿ ਇੱਕ ਮਹੱਤਵਪੂਰਣ ਘਟਨਾ ਜਾਂ ਕਿਸੇ ਖ਼ਾਸ ਵਿਅਕਤੀ ਦਾ ਐਲਾਨ ਕਰਦਾ ਹੈ। ਜਦੋਂ ਅਸੀਂ ਸੱਤ ਤੁਰ੍ਹੀਆਂ ਦੇ ਸੰਬੰਧ ਵਿੱਚ ਅਧਿਐਨ ਕਰਦੇ ਹਾਂ, ਯਾਦ ਰੱਖੋ ਕਿ ਉਹ ਪੁਸਤਕ ਦਾ ਸਿਰਫ ਅਲੰਕਾਰ ਹਿੱਸਾ ਹਨ। ਤੁਰ੍ਹੀ ਦਾ ਪ੍ਰਤੀਕਵਾਦ ਹੁਣ ਮਸੀਹੀ ਬੰਦਗੀ ਵਿੱਚ ਇਸ ਦੀ ਵਰਤੋਂ ਨੂੰ ਉੱਨਾ ਸਹੀ ਨਹੀਂ ਠਹਿਰਾਉਂਦਾ ਜਿੰਨਾ ਕਿ ਧੂਪ ਦਾ ਪ੍ਰਤੀਕਵਾਦ ਮਸੀਹੀ ਬੰਦਗੀ ਵਿੱਚ ਇਸ ਦੀ ਵਰਤੋਂ ਨੂੰ ਸਹੀ ਠਹਿਰਾਉਂਦਾ ਹੈ (5:8 ਤੇ ਟਿੱਪਣੀਆਂ ਵੇਖੋ)।

ਪਰਕਾਸ਼ ਦੀ ਪੋਥੀ 8 ਤੋਂ 11 ਵਿੱਚ, ਤੁਰ੍ਹੀਆਂ ਨੇ ਦੋ ਖ਼ਾਸ ਉਦੇਸ਼ਾਂ ਨੂੰ ਪੂਰਾ ਕੀਤਾ। ਪਹਿਲਾ ਉਦੇਸ਼ ਪਰਮੇਸ਼ੁਰ ਦਾ ਲੋਕਾਂ ਅੱਗੇ *ਜਿੱਤ ਦਾ ਐਲਾਨ* ਕਰਨਾ ਸੀ। ਤੁਰ੍ਹੀਆਂ ਸੰਤਾਂ ਦੀਆਂ ਪ੍ਰਾਰਥਨਾਵਾਂ ਦੇ ਜਵਾਬ ਵਿੱਚ ਵਜਾਈਆਂ ਗਈਆਂ ਹਨ ਅਤੇ ਉਹ ਧਰਤੀ ਉੱਤੇ ਅੱਗ ਸੁੱਟਣ ਦੇ ਲਈ ਅੱਗੇ ਦੀ ਕਾਰਵਾਈ ਸੀ (8:3, 5)। ਸੱਤ ਮੋਹਰਾਂ ਤੋਂ ਭਿੰਨ ਜਿਨ੍ਹਾਂ ਨੇ ਮਸੀਹੀ ਲੋਕਾਂ ਦੇ ਨਾਲ-ਨਾਲ ਗੈਰ-ਮਸੀਹੀ ਲੋਕਾਂ ਨੂੰ ਪ੍ਰਭਾਵਿਤ ਕੀਤਾ ਸੀ (ਵੇਖੋ 6:9-11), ਸੱਤ ਤੁਰ੍ਹੀਆਂ ਦੀ ਕਾਰਵਾਈ “ਧਰਤੀ” ਉੱਤੇ ਪਈ (8:5, 7) – ਅਰਥਾਤ, ਨਿਰਾ ਉਨ੍ਹਾਂ ਮਨੁੱਖਾਂ ਤੇ “ਜਿਨ੍ਹਾਂ ਦੇ ਮੱਥੇ ਉੱਤੇ ਪਰਮੇਸ਼ੁਰ ਦੀ ਮੋਹਰ ਨਹੀਂ” (9:4)। ਜਦੋਂ ਪਹਿਲੀ ਸਦੀ ਦੇ ਪਾਠਕਾਂ ਨੇ ਸੱਤ ਤੁਰ੍ਹੀਆਂ ਦੇ ਬਾਰੇ ਪੜ੍ਹਿਆ, ਸ਼ਾਇਦ ਉਨ੍ਹਾਂ ਨੇ ਸੋਚਿਆ ਕਿ ਇਹ ਸੱਤ ਤੁਰ੍ਹੀਆਂ ਯਰੀਹੋ ਦੀ ਵੱਡੀ ਜਿੱਤ ਵਿੱਚ ਇਸਤੇਮਾਲ ਕੀਤੀਆਂ ਗਈਆਂ ਸਨ (ਯਹੋਸ਼ੁਆ 6:4, 5, 20)।

ਪਰਕਾਸ਼ ਦੀ ਪੋਥੀ 8 ਤੋਂ 11 ਵਿੱਚ, ਤੁਰ੍ਹੀਆਂ ਦਾ ਦੂਜਾ ਉਦੇਸ਼ ਪਸ਼ਚਾਤਾਪ ਰਹਿਤ ਵਿਅਕਤੀ ਨੂੰ *ਖ਼ਬਰਦਾਰ ਕਰਨਾ* ਸੀ। ਬਾਈਬਲ ਵਿੱਚ ਤੁਰ੍ਹੀਆਂ ਨੂੰ ਚਿਤਾਵਨੀ ਦੇਣ ਦੇ ਲਈ ਇਸਤੇਮਾਲ ਕੀਤੇ ਜਾਣ ਦਾ ਉਦਾਹਰਣ ਹਿਜ਼ਕੀਏਲ 33 ਅਧਿਆਇ ਵਿੱਚ ਮਿਲਦਾ ਹੈ। ਬਾਈਬਲ ਦੇ ਸਮਿਆਂ ਵਿੱਚ, ਸ਼ਹਿਰਾਂ ਦੇ ਰਾਖੇ ਹੁੰਦੇ ਸਨ ਜਿਹੜੇ ਕੰਧਾਂ ਦੀ ਰਖਵਾਲੀ ਕਰਦੇ ਸਨ। ਜੇਕਰ ਰਾਖਾ ਦੁਸ਼ਮਣ ਨੂੰ ਸ਼ਹਿਰ ਦ ਵੱਲ ਆਉਂਦਾ ਵੇਖਦਾ ਸੀ, ਤਾਂ ਉਹ ਉਨ੍ਹਾਂ ਲੋਕਾਂ ਨੂੰ ਜਿਹੜੇ ਸ਼ਹਿਰ ਦੇ ਅੰਦਰ ਹੁੰਦੇ ਸਨ ਤੁਰ੍ਹੀ ਫੂਕ ਕੇ ਦੁਸ਼ਮਣ ਦੇ ਆਉਣ ਬਾਰੇ ਖ਼ਬਰਦਾਰ ਕਰਦਾ ਸੀ। ਜੇਕਰ ਤੁਰ੍ਹੀ ਫੂਕੀ ਜਾਂਦੀ ਸੀ ਪਰ ਲੋਕ ਉਸ ਚਿਤਾਵਨੀ ਨੂੰ ਅਣਦੇਖਾ ਕਰਦੇ ਸਨ, ਤਾਂ ਉਨ੍ਹਾਂ ਦਾ ਲਹੂ ਉਨ੍ਹਾਂ ਦੇ ਆਪਣੇ ਸਿਰ ਹੁੰਦਾ ਸੀ। ਦੂਜੇ ਪਾਸੇ, ਜੇਕਰ ਰਾਖਾ ਤੁਰ੍ਹੀ ਫੂਕਣ ਵਿੱਚ ਅਸਫ਼ਲ ਹੁੰਦਾ ਸੀ, ਤਾਂ ਪਰਮੇਸ਼ੁਰ ਉਨ੍ਹਾਂ ਲੋਕਾਂ ਦੀਆਂ ਮੌਤਾਂ ਦੇ ਲਈ ਰਾਖੇ ਨੂੰ ਜ਼ਿੰਮੇਵਾਰ ਠਹਿਰਾਉਂਦਾ ਸੀ

(ਹਿਜ਼ਕੀਏਲ 33:1-6)। ਰਾਖੇ ਦਾ ਅਲੰਕਾਰ ਪਰਮੇਸ਼ੁਰ ਦੇ ਇੱਕ ਨਬੀ ਦੇ ਤੌਰ ਤੇ ਹਿਜ਼ਕੀਏਲ ਦੀਆਂ ਜ਼ਿੰਮੇਵਾਰੀਆਂ ਸੰਬੰਧੀ ਇੱਕ ਰੂਪਕ ਵਜੋਂ ਇਸਤੇਮਾਲ ਕੀਤਾ ਗਿਆ ਸੀ: ਉਸ ਨੇ "ਇਸਰਾਏਲ ਦੇ ਘਰਾਣੇ ਲਈ ਰਾਖਾ" ਬਣਨਾ ਸੀ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਬੁਰੇ ਰਾਹਾਂ ਤੋਂ ਮੁੜਨ ਦੇ ਲਈ ਖ਼ਬਰਦਾਰ ਕਰਨਾ ਸੀ (ਹਿਜ਼ਕੀਏਲ 33:7-9)। ਉਸੇ ਤਰ੍ਹਾਂ, ਪਰਕਾਸ਼ ਦੀ ਪੋਥੀ 8 ਤੋਂ 11 ਵਿੱਚ, ਜ਼ੋਰ ਲੋਕਾਂ ਨੂੰ ਸਰੀਰਕ ਖ਼ਤਰੇ ਬਾਰੇ ਖ਼ਬਰਦਾਰ ਕਰਨ ਤੇ ਨਹੀਂ ਹੈ, ਬਲਕਿ ਆਤਮਿਕ ਖ਼ਤਰੇ ਤੇ ਹੈ।

ਇਹ ਕਿ ਪਰਕਾਸ਼ ਦੀ ਪੋਥੀ ਵਿੱਚ ਤੁਰ੍ਹੀਆਂ ਦਾ ਮੁੱਢਲਾ ਉਦੇਸ਼ ਖ਼ਬਰਦਾਰ ਕਰਨਾ ਸੀ ਕਈ ਤਰੀਕਿਆਂ ਨਾਲ ਦਰਸਾਇਆ ਗਿਆ ਹੈ। ਸਭ ਤੋਂ ਪਹਿਲਾਂ ਤੁਰ੍ਹੀਆਂ ਰਾਹੀਂ ਕਾਰਵਾਈ ਦਾ ਮੰਤਵ ਦਰਸਾਇਆ ਗਿਆ ਹੈ। 8:7-12 ਵਿੱਚ "ਇੱਕ ਤਿਹਾਈ" ਵਾਕ ਬਾਰਾਂ ਵਾਰ ਮਿਲਦਾ ਹੈ (ਵੇਖੋ 9:15, 18)। ਪਰਕਾਸ਼ ਦੀ ਪੋਥੀ ਵਿੱਚ ਭਾਗਾਂ ਦਾ ਮੂਲ ਅਰਥ "ਇੱਕ ਭਾਗ ਪਰ ਸਮੁੱਚਾ ਨਹੀਂ" ਹੈ। ਹੋਮਰ ਹੇਲੀ ਨੇ ਮੰਨਿਆ ਹੈ ਕਿ "ਇੱਕ ਤਿਹਾਈ ਹਿੱਸਾ" ਇੱਕ ਵੱਡੇ ਭਾਗ ਦਾ ਸੁਝਾਅ ਦਿੰਦਾ ਹੈ, ਪਰ ਸਮੁੱਚੇ ਵਿਨਾਸ਼ ਦਾ ਨਹੀਂ; ਜੀਵਨ ਫਿਰ ਵੀ ਸੰਭਵ ਹੈ।"[17] ਜਦੋਂ ਮੋਹਰਾਂ ਤੋੜੀਆਂ ਜਾ ਰਹੀਆਂ ਸਨ, ਕੁੱਲੇ (ਬੱਗੇ) ਘੋੜੇ ਤੇ ਜੋ ਸਵਾਰ ਸੀ ਉਸ ਨੂੰ "ਧਰਤੀ ਦੀ ਚੁਥਾਈ" ਉੱਤੇ ਮਾਰਨ ਦਾ ਇਖ਼ਤਿਆਰ ਦਿੱਤਾ ਗਿਆ ਸੀ (6:8)। *ਇੱਕ ਤਿਹਾਈ ਇੱਕ ਚੁਥਾਈ* ਉੱਤੇ ਵਾਧਾ ਹੈ। ਕਿਉਂਕਿ ਨਿਆਂ ਅਧੂਰਾ ਸੀ, ਸਜ਼ਾ ਪਰਤੱਖ ਰੂਪ ਵਿੱਚ ਇੱਕੋ-ਇੱਕ ਉਦੇਸ਼ ਨਹੀਂ ਸੀ। ਦੂਜਾ, ਖ਼ਬਰਾਦਾਰ ਕਰਨ ਦਾ ਉਦੇਸ਼ ਪ੍ਰੇਰਣਾ ਨਾਲ ਦਿੱਤੀ ਗਈ ਟਿੱਪਣੀ ਵਿੱਚ ਸੁਝਾਇਆ ਗਿਆ ਹੈ ਜੋ ਛੇਵੀਂ ਤੁਰ੍ਹੀ ਦੀ ਕਾਰਵਾਈ ਤੋਂ ਬਾਅਦ ਕੀਤੀ ਗਈ ਹੈ:

> ਅਤੇ ਰਹਿੰਦਿਆਂ ਮਨੁੱਖਾਂ ਨੇ ਜਿਹੜੇ ਇਨ੍ਹਾਂ ਬਵਾਂ ਨਾਲ ਮਾਰੇ ਨਹੀਂ ਗਏ ਸਨ ਆਪਣੇ ਹੱਥਾਂ ਦੇ ਕੰਮਾਂ ਤੋਂ *ਤੋਬਾ ਨਾ ਕੀਤੀ* ਭਈ ਓਹ ਭੂਤਾਂ ਦੀ ਅਤੇ ਸੋਨੇ, ਚਾਂਦੀ, ਪਿੱਤਲ, ਪੱਥਰ ਅਤੇ ਕਾਠ ਦੀਆਂ ਮੂਰਤੀਆਂ ਦੀ ਪੂਜਾ ਨਾ ਕਰਨ ਜਿਹੜੀਆਂ ਨਾ ਵੇਖ, ਨਾ ਸੁਣ, ਨਾ ਤੁਰ ਸੱਕਦੀਆਂ ਹਨ, *ਨਾ* ਓਹਨਾਂ ਆਪਣੇ ਖ਼ੂਨਾਂ ਤੋਂ, ਨਾ ਆਪਣੀਆਂ ਜਾਦੂਗਰੀਆਂ ਤੋਂ, ਨਾ ਆਪਣੀ ਹਰਾਮਕਾਰੀ ਤੋਂ, ਨਾ ਆਪਣੀਆਂ ਚੋਰੀਆਂ ਤੋਂ *ਤੋਬਾ ਕੀਤੀ* (9:20, 21; ਜ਼ੋਰ ਦਿੱਤਾ ਗਿਆ ਹੈ)।

ਤੱਥ ਜਿਸ ਦੇ ਜ਼ੋਰ ਦਿੱਤਾ ਗਿਆ ਹੈ ਕਿ ਮਨੁੱਖਾਂ "ਤੋਬਾ ਨਾ ਕੀਤੀ" ਇਹ ਇਸ਼ਾਰਾ ਕਰਦਾ ਹੈ ਕਿ ਤੁਰ੍ਹੀਆਂ ਦਾ ਇੱਕ ਉਦੇਸ਼ ਕੁਧਰਮੀ ਮਨੁੱਖਾਂ ਨੂੰ ਤੋਬਾ ਕਰਨ ਦੇ ਲਈ ਉਤਸ਼ਾਹਿਤ ਕਰਨਾ ਸੀ। ਜੌਰਜ ਲੈਡ ਨੇ ਇਹ ਸਿੱਟਾ ਕੱਢਿਆ ਹੈ ਕਿ ਪਰਮੇਸ਼ੁਰ ਦੇ ਨਿਆਂ "ਸਖ਼ਤ ਅਨੁਭਵਾਂ ਦੁਆਰਾ ਮਨੁੱਖਾਂ ਨੂੰ ਗੋਡਿਆਂ ਭਾਰ ਲਿਆਉਣ ਦੇ ਲਈ ਸਮਾਂ ਰਹਿੰਦਿਆਂ ਫ਼ੈਸਲਾ ਲੈਣ ਦੇ ਲਈ ਤਿਆਰ ਕੀਤੇ ਗਏ ਸਨ, ਇਸ ਤੋਂ ਪਹਿਲਾਂ ਕਿ ਬਹੁਤ ਜ਼ਿਆਦਾ ਦੇਰ ਹੋ ਜਾਵੇ।"[18] ਪਰਮੇਸ਼ੁਰ ਦਾ ਤਤਕਾਲੀ ਉਦੇਸ਼ ਨਾਸ ਕਰਨਾ ਨਹੀਂ ਸੀ, ਪਰ ਅਨੁਸ਼ਾਸਿਤ ਕਰਨਾ ਸੀ। ਉਹ ਪਸ਼ਚਾਤਾਪ ਬਾਰੇ ਵੀ ਉੱਨਾ ਹੀ ਚਿੰਤਤ ਸੀ ਜਿੰਨਾ ਕਿ ਸਜ਼ਾ ਬਾਰੇ। ਜੀ. ਬੀ. ਕੇਅਰਡ ਨੇ ਲਿਖਿਆ ਹੈ,

> [ਤੁਰ੍ਹੀਆਂ ਫੂਕਣ ਦੇ ਰਾਹੀਂ ਜਿਨ੍ਹਾਂ ਬਵਾਂ ਦਾ ਐਲਾਨ ਕੀਤਾ ਗਿਆ ਸੀ] ਮਨੁੱਖ ਦੇ ਪਾਪ ਤੇ ਪਰਮੇਸ਼ੁਰ ਦਾ ਨਿਆਂ ਹਨ, ਪਰ ਇਹ ਉਸ ਦਾ ਆਖ਼ਰੀ ਨਿਆਂ ਨਹੀਂ ਹੈ। ਉਨ੍ਹਾਂ ਦਾ ਉਦੇਸ਼ ਮਨੁੱਖਾਂ ਨੂੰ ਤੋਬਾ ਵੱਲ ਲੈ ਕੇ ਆਉਣਾ ਹੈ। ਜਦੋਂ ਸਤਵੇਂ ਦੂਤ ਨੇ ਤੁਰ੍ਹੀ ਫੂਕ ਕੇ ਇਹ ਐਲਾਨ ਕੀਤਾ ਕਿ ਪਰਮੇਸ਼ੁਰ ਨੇ ਸਭ ਤੋਂ ਵੱਡੀ ਸ਼ਕਤੀ ਨੂੰ ਆਪਣੇ ਹੱਥ ਵਿੱਚ ਲੈ ਲਿਆ ਹੈ ਅਤੇ ਉਹ ਰਾਜ ਕਰਨਾ ਸ਼ੁਰੂ ਕਰ ਦਿੱਤਾ ਹੈ ਜਿਸ ਵਿੱਚੋਂ ਸਾਰੀਆਂ ਅਸ਼ੁੱਧ ਚੀਜ਼ਾਂ ਹਮੇਸ਼ਾ-ਹਮੇਸ਼ਾ ਦੇ ਲਈ

ਬਾਹਰ ਕੱਢੀਆਂ ਜਾਣਗੀਆਂ, ਤਦ ਹੀ ਤੋਬਾ ਦਾ ਦੁਆਰ ਬੰਦ ਕੀਤਾ ਜਾਵੇਗਾ। ਉਹ "ਧਰਤੀ ਦਾ ਨਾਸ ਕਰਨ ਵਾਲਿਆਂ ਨੂੰ ਨਾਸ ਕਰਨ" ਦਾ ਸਮਾਂ ਹੋਵੇਗਾ [11:18], ਜਦੋਂ ਚਰਿੱਤਰ ਵਿੱਚ ਕਿਸੇ ਵੀ ਤਰ੍ਹਾਂ ਦਾ ਬਦਲਾਅ ਕਰਨ ਵਿੱਚ ਬਹੁਤ ਦੇਰ ਹੋ ਚੁੱਕੀ ਹੋਵੇਗੀ . . . [22:11]। ਪਰ ਤਦ ਤੱਕ ਸੁਰਗੀ ਤੁਰ੍ਹੀਆਂ ਖ਼ਬਰਦਾਰ ਕਰਨ ਤੋਂ ਨਹੀਂ ਰੁਕਣਗੀਆਂ।[19]

ਉਨ੍ਹਾਂ ਲੋਕਾਂ ਦੇ ਚਰਿੱਤਰ ਤੇ ਧਿਆਨ ਦਿੰਦੇ ਹੋਏ ਜਿਨ੍ਹਾਂ ਨੇ ਮਸੀਹੀ ਲੋਕਾਂ ਨੂੰ ਸਤਾਇਆ ਸੀ, ਇਹ ਅਸਚਰਜ ਗੱਲ ਹੈ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਤੋਬਾ ਕਰਨ ਦਾ ਇੱਕ ਹੋਰ ਮੌਕਾ ਦਿੱਤਾ ਸੀ। ਫਿਰ ਵੀ, ਪੁਸਤਕ ਵਿੱਚ ਪਹਿਲਾਂ ਵੀ ਪਰਮੇਸ਼ੁਰ ਨੇ ਝੂਠੀ ਉਪਦੇਸ਼ਕ ਈਜ਼ਬਲ ਨੂੰ "ਤੋਬਾ ਕਰਨ ਦਾ ਵਿਹਲ" ਦਿੱਤਾ ਸੀ (2:21)। ਪਰਮੇਸ਼ੁਰ ਲਗਾਤਾਰ ਇਹ ਵਿਖਾਉਂਦਾ ਹੈ ਕਿ "ਕ੍ਰੋਧ ਵਿੱਚ ਧੀਰਾ" ਹੋਣ ਦਾ ਕੀ ਅਰਥ ਹੈ (ਯਾਕੂਬ 1:19; KJV)। ਪ੍ਰਭੂ ਸਾਰੇ ਮਨੁੱਖਾਂ ਨਾਲ ਇੰਨਾ ਧੀਰਜਵਾਨ ਬਣਨ ਦੇ ਲਈ ਧੰਨਵਾਦ ਦੇ ਯੋਗ ਹੈ (ਰੋਮੀਆਂ 2:4; 9:22; 1 ਤਿਮੋਥਿਉਸ 1:16; 1 ਪਤਰਸ 3:20; 2 ਪਤਰਸ 3:9, 15)।

## ਪਹਿਲੀਆਂ ਚਾਰ ਤੁਰ੍ਹੀਆਂ (8:7-12)

ਪਹਿਲੀਆਂ ਚਾਰ ਤੁਰ੍ਹੀਆਂ ਬਹੁਤ ਹੀ ਨੇੜਿਓਂ ਇੱਕ ਦੂਜੇ ਨਾਲ ਸੰਬੰਧਤ ਹਨ, ਜਿਵੇਂ ਕਿ ਪਹਿਲੀਆਂ ਚਾਰ ਮੋਹਰਾਂ ਸਨ। ਪਹਿਲੀਆਂ ਚਾਰ ਤੁਰ੍ਹੀਆਂ ਨੇ ਅਸਿੱਧੇ ਤੌਰ ਤੇ ਮਨੁੱਖਾਂ ਨੂੰ ਛੋਹਿਆ – ਆਖ਼ਰੀ ਤਿੰਨ ਤੁਰ੍ਹੀਆਂ ਦੀ ਤੁਲਨਾ ਵਿੱਚ, ਜਿਨ੍ਹਾਂ ਨੇ ਮਨੁੱਖਾਂ ਨੂੰ ਸਿੱਧੇ ਤੌਰ ਤੇ ਪ੍ਰਭਾਵਿਤ ਕੀਤਾ (ਵੇਖੋ 9:3, 4)। ਪਹਿਲੀਆਂ ਚਾਰ ਤੁਰ੍ਹੀਆਂ ਵਿੱਚੋਂ ਹਰ ਇੱਕ ਤੁਰ੍ਹੀ ਨੇ ਸਰਿਸ਼ਟੀ ਦੇ ਕਿਸੇ ਨਾ ਕਿਸੇ ਹਿੱਸੇ ਨੂੰ ਨੁਕਸਾਨ ਪਹੁੰਚਾਇਆ। ਉਸ ਦਿਨ, ਮਨੁੱਖਾਂ ਨੇ ਸਰਿਸ਼ਟੀ ਨੂੰ ਚਾਰ ਸ਼੍ਰੇਣੀਆਂ ਵਿੱਚ ਵੰਡ ਦਿੱਤਾ: ਧਰਤੀ, ਸਮੁੰਦਰ, ਤਾਜ਼ੇ ਪਾਣੀ ਅਤੇ ਸੂਰਜ, ਚੰਦ ਅਤੇ ਤਾਰੇ।[20] ਜਦੋਂ ਪਹਿਲੀਆਂ ਚਾਰ ਤੁਰ੍ਹੀਆਂ ਫੂਕੀਆਂ ਗਈਆਂ, ਚਾਰੇ ਦੀਆਂ ਚਾਰੇ ਸ਼੍ਰੇਣੀਆਂ ਪ੍ਰਭਾਵਿਤ ਹੋਈਆਂ।

ਪਹਿਲੀਆਂ ਚਾਰ ਤੁਰ੍ਹੀਆਂ ਫੂਕੀਆਂ ਜਾਣ ਦੇ ਦੌਰਾਨ ਧਰਤੀ ਉੱਤੇ ਤਬਾਹੀ ਮਚਾਉਣ ਵਾਲੀਆਂ ਤਾਕਤਾਂ ਦਾ ਵਰਣਨ ਉਨ੍ਹਾਂ ਦਸ ਬਵਾਂ ਨਾਲ ਮਿਲਦਾ-ਜੁਲਦਾ ਹੈ ਜੋ ਧਰਤੀ ਉੱਤੇ ਪਈਆਂ ਸਨ - ਵਿਸ਼ੇਸ਼ ਕਰਕੇ ਪਹਿਲੀ (ਪਾਣੀ ਦਾ ਲਹੂ ਵਿੱਚ ਬਦਲਣਾ), ਸਤਵੀਂ (ਅਕਾਸ਼ ਤੋਂ ਗੜੇ ਅਤੇ ਅੱਗ ਵਰਸਣਾ) ਅਤੇ ਨੌਵੀਂ (ਸਾਰੀ ਧਰਤੀ ਉੱਤੇ ਹਨੇਰਾ ਛਾ ਜਣਾ) (ਕੂਚ 7:20, 21; 9:23-25; 10:21-23)। ਇਨ੍ਹਾਂ ਤੋਂ ਇਲਾਵਾ, ਪੰਜਵੀਂ ਤੁਰ੍ਹੀ ਟਿੱਡੀਆਂ ਦੀ ਬਵਾ ਨਾਲ ਮਿਲਦੀ-ਜੁਲਦੀ ਹੈ (ਕੂਚ 10:1-20)। ਇਹ ਸਮਾਨਤਾਵਾਂ ਨਿਸ਼ਚਤ ਤੌਰ ਤੇ ਸੰਜੋਗ ਨਹੀਂ ਹਨ। ਪਰਮੇਸ਼ੁਰ ਦੇ ਲੋਕਾਂ ਅਤੇ ਸਮਾਜ ਵਿਚਕਾਰ ਸਭ ਤੋਂ ਪਹਿਲਾ ਅਤੇ ਵੱਡਾ ਝਗੜਾ ਮਿਸਰ ਵਿੱਚ ਹੋਇਆ ਸੀ ਅਤੇ ਮਿਸਰ ਬੁਰਿਆਈ ਅਤੇ ਅੱਛਾਈ ਵਿਚਕਾਰ ਤਣਾਅ ਦਾ ਨਮੂਨਾ ਬਣਿਆ (ਵੇਖੋ 11:8)।

ਦਸ ਬਵਾਂ ਭੇਜਣ ਦੇ ਲਈ ਪਰਮੇਸ਼ੁਰ ਦੇ ਉਦੇਸ਼ ਅਤੇ ਸੱਤ ਤੁਰ੍ਹੀਆਂ ਦੇ ਲਈ ਪਰਮੇਸ਼ੁਰ ਦੇ ਉਦੇਸ਼ ਵਿਚਕਾਰ ਇੱਕ ਤੁਲਨਾ ਕੀਤੀ ਜਾ ਸਕਦੀ ਹੈ: ਇੱਕ ਭਾਵ ਵਿੱਚ, ਮਿਸਰੀਆਂ ਨੂੰ ਇਸਰਾਏਲੀਆਂ ਨਾਲ ਦੁਰਵਿਹਾਰ ਕਰਨ ਦੇ ਲਈ ਮਿਸਰ ਤੇ ਬਵਾਂ ਦੀ ਸਜ਼ਾ ਪਈ, ਪਰ ਉਨ੍ਹਾਂ ਬਵਾਂ ਦਾ ਮੁੱਢਲਾ ਉਦੇਸ਼ ਇਸਰਾਏਲੀਆਂ ਨੂੰ ਮਿਸਰ ਵਿੱਚੋਂ ਜਾਣ ਦੇਣ ਲਈ ਫ਼ਿਰਊਨ ਨੂੰ ਰਾਜ਼ੀ ਕਰਨਾ ਸੀ। ਪੀਟਰਸਨ ਨੇ ਲਿਖਿਆ ਹੈ, "ਕੂਚ ਦੀਆਂ ਬਵਾਂ ਦੰਡ ਦੇਣ ਵਾਲੀਆਂ ਨਹੀਂ ਪਰ

ਸੁਧਾਰਣ ਵਾਲੀਆਂ ਸਨ, ਇਹ ਬਵਾਂ ਫ਼ਿਰਊਨ ਨੂੰ ਦੁਖੀ ਕਰਨ ਲਈ ਨਹੀਂ ਸੀ ਭੇਜੀਆਂ ਗਈਆਂ ਪਰ ਉਸ ਦੇ ਮਨ ਨੂੰ ਬਦਲਣ ਦੇ ਲਈ, ਉਸ ਦੇ ਤੋਬਾ ਕਰਨ ਦੇ ਲਈ ਭੇਜੀਆਂ ਗਈਆਂ ਸਨ।"[21] ਉਸੇ ਤਰ੍ਹਾਂ, ਤੁਰ੍ਹੀਆਂ ਦਾ ਉਦੇਸ਼ ਪਾਪੀਆਂ ਨੂੰ ਤੋਬਾ ਕਰਨ ਦੇ ਲਈ ਉਕਸਾਉਣਾ ਸੀ। ਬੇਸ਼ੱਕ, ਫ਼ਿਰਊਨ ਨੇ ਆਪਣਾ ਮਨ ਨਹੀਂ ਬਦਲਿਆ। ਯੂਹੰਨਾ ਦੇ ਸਮੇਂ ਦੇ ਵੀ ਜ਼ਿਆਦਾਤਰ ਪਾਪੀਆਂ ਨੇ ਆਪਣਾ ਮਨ ਨਹੀਂ ਬਦਲਿਆ ਜਾਂ ਤੋਬਾ ਨਹੀਂ ਕੀਤੀ, ਜਿਵੇਂ ਕਿ ਅੱਜ ਵੀ ਬਹੁਤ ਸਾਰੇ ਪਾਪੀ ਤੋਬਾ ਨਹੀਂ ਕਰਦੇ ਹਨ।

ਫਿਰ ਵੀ, ਪਰਕਾਸ਼ ਦੀ ਪੋਥੀ ਮਿਸਰ ਦੀਆਂ ਦਸ ਬਵਾਂ ਨੂੰ ਐਵੇਂ ਨਹੀਂ ਦੁਹਰਾਉਂਦੀ। ਸਿਰਫ ਕੁਝ ਬਵਾਂ ਦਾ ਇਸਤੇਮਾਲ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਵੱਖਰੇ ਤਰੀਕੇ ਨਾਲ ਇਸਤੇਮਾਲ ਕੀਤਾ ਗਿਆ ਹੈ। ਘਟਨਾਵਾਂ ਨੂੰ ਇਹ ਵਿਖਾਉਣ ਲਈ ਬਦਲਿਆ ਗਿਆ ਹੈ ਕਿ ਹਾਲਾਂਕਿ ਬਵਾਂ ਤੋਂ ਕੁਝ ਸਧਾਰਣ ਸਿੱਟੇ ਕੱਢੇ ਜਾ ਸਕਦੇ ਹਨ, ਪਰਕਾਸ਼ ਦੀ ਪੋਥੀ ਵਿੱਚ ਪ੍ਰਤੀਕਵਾਦ ਅਨੋਖਾ ਹੈ।

### ਪਹਿਲੀ ਤੁਰ੍ਹੀ (8:7)

**7ਪਹਿਲੇ ਨੇ ਤੁਰ੍ਹੀ ਵਜਾਈ ਤਾਂ ਲਹੂ ਨਾਲ ਮਿਲੇ ਹੋਏ ਗੜੇ ਅਤੇ ਅੱਗ ਪਰਗਟ ਹੋਈ ਅਤੇ ਧਰਤੀ ਉੱਤੇ ਸੁੱਟੀ ਗਈ, ਤਾਂ ਧਰਤੀ ਦੀ ਇੱਕ ਤਿਹਾਈ ਸੜ ਗਈ ਅਤੇ ਰੁੱਖਾਂ ਦੀ ਇੱਕ ਤਿਹਾਈ ਸੜ ਗਈ ਓਤੇ ਸਭ ਹਰਾ ਘਾਹ ਸੜ ਗਿਆ।**

**ਆਇਤ 7.** ਪਹਿਲੀ ਤੁਰ੍ਹੀ ਵੱਜਣ ਤੇ **ਧਰਤੀ ਉੱਤੇ** ਆਫ਼ਤ ਆ ਗਈ। ਗੜੇ ਅਤੇ ਅੱਗ ਦਾ ਪ੍ਰਤੀਕਵਾਦ ਰੱਬੀ ਨਿਆਂ ਦੇ ਰੂਪ ਵਿੱਚ ਪੂਰੇ ਪੁਰਾਣੇ ਨੇਮ ਵਿੱਚ ਮਿਲਦਾ ਹੈ (ਵੇਖੋ ਅੱਯੂਬ 38:22, 23; ਯਸਾਯਾਹ 28:2, 17; 30:30, 31)। ਪਹਿਲੀ ਤੁਰ੍ਹੀ ਸਤਵੀਂ ਬਵਾ ਨਾਲ ਮਿਲਦੀ-ਜੁਲਦੀ ਹੈ:

> . . . ਤਾਂ ਯਹੋਵਾਹ ਨੇ ਗਰਜ ਅਤੇ ਗੜੇ ਘੱਲੇ ਅਰ ਅੱਗ ਧਰਤੀ ਵੱਲ ਚਲੀ ਆਉਂਦੀ ਸੀ . . . । ਸੋ ਗੜੇ ਸਨ ਤੇ ਗੜਿਆਂ ਵਿੱਚ ਅੱਗ ਰਲੀ ਹੋਈ ਸੀ . . . । ਗੜਿਆਂ ਨੇ ਸਾਰੇ ਮਿਸਰ ਦੇਸ ਵਿੱਚ ਸਭ ਕੁਝ ਜੋ ਜੂਹ ਵਿੱਚ ਸੀ ਮਾਰਿਆ . . . ਨਾਲੇ ਗੜਿਆਂ ਨੇ ਖੇਤ ਦਾ ਸੱਭੋ ਸਾਗ ਪੱਤ ਮਾਰ ਦਿੱਤਾ ਅਤੇ ਖੇਤ ਦੇ ਸਾਰੇ ਬਿਰਛ ਭੰਨ ਸੁੱਟੇ (ਕੂਚ 9:23-25)।

ਅੱਗ ਜਿਹੜੀ "ਗੜਿਆਂ ਵਿੱਚ ਰਲੀ ਲਗਾਤਾਰ ਚਮਕ ਰਹੀ ਸੀ" ਸ਼ਾਇਦ ਅਸਮਾਨੀ ਬਿਜਲੀ ਸੀ। ਇਸਰਾਏਲੀ ਗੜੇ ਦੇ ਪ੍ਰਭਾਵਾਂ ਤੋਂ ਮੁਕਤ ਸਨ (ਕੂਚ 9:26), ਜਿਵੇਂ ਕਿ ਵਫ਼ਾਦਾਰ ਮਸੀਹੀ ਲੋਕ ਤੁਰ੍ਹੀਆਂ ਦੇ ਪ੍ਰਭਾਵਾਂ ਤੋਂ ਮੁਕਤ ਸਨ।

ਕੂਚ ਦੀ ਸਤਵੀਂ ਬਵਾ ਅਤੇ ਪਰਕਾਸ਼ ਦੀ ਪੋਥੀ ਦੀ ਪਹਿਲੀ ਤੁਰ੍ਹੀ ਵਿੱਚ ਕਾਫੀ ਸਮਾਨਤਾ ਹੈ। ਦੋਹਾਂ ਦੌਰਾਨ, ਗੜੇ ਅਤੇ ਅੱਗ ਧਰਤੀ ਉੱਤੇ ਡਿੱਗੇ ਅਤੇ ਉਨ੍ਹਾਂ ਨੇ ਰੁੱਖਾਂ, ਘਾਹ ਅਤੇ ਸਾਗ ਪੱਤ ਨੂੰ ਨਾਸ ਕਰ ਦਿੱਤਾ। ਸਤਵੀਂ ਬਵਾ ਨੇ ਮਿਸਰ ਦੀ ਅਰਥ-ਵਿਵਸਥਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ, ਜਿਵੇਂ ਕਿ ਪਹਿਲੀ ਤੁਰ੍ਹੀ ਦੇ ਮਾਮਲੇ ਵਿੱਚ ਵੀ ਹੋਇਆ ਸੀ: ਫਸਲਾਂ, ਜਿਵੇਂ ਕਿ ਅਨਾਜ ਅਤੇ ਅੰਗੂਰ, ਸੜ ਗਏ। ਚਰਾਗਾਹ ਦੀ ਤਬਾਹੀ ਨੇ ਦੁੱਧ, ਮਾਸ ਅਤੇ ਉੱਨ ਦੀ ਪੈਦਾਵਾਰ ਨੂੰ ਨੁਕਸਾਨ ਪਹੁੰਚਾਇਆ ਹੋਵੇਗਾ। ਪਰਕਾਸ਼ ਦੀ ਪੋਥੀ 8 ਵਿੱਚ ਜਿਨ੍ਹਾਂ ਰੁੱਖਾਂ ਦੀ ਗੱਲ ਕੀਤੀ ਗਈ ਹੈ ਉਸ ਵਿੱਚ ਨਿਸ਼ਚਤ ਤੌਰ ਤੇ ਫਲਾਂ ਵਾਲੇ ਰੁੱਖ ਸ਼ਾਮਲ ਸਨ; ਇੱਥੇ "ਰੁੱਖ" ਲਈ ਜਿਹੜਾ

ਯੂਨਾਨੀ ਸ਼ਬਦ (δένδρον, *ਡੇਂਡਰੋਨ*) ਵਰਤਿਆ ਗਿਆ ਹੈ ਉਹ ਅਕਸਰ ਫਲ ਵਾਲੇ ਰੁੱਖਾਂ ਦਾ ਹਵਾਲਾ ਦੇਣ ਲਈ ਵਰਤਿਆ ਜਾਂਦਾ ਹੈ (ਵੇਖੋ ਮੱਤੀ 7:17; ਯਹੂਦਾਹ 12)।

ਫਿਰ ਵੀ, ਸਤਵੀਂ ਬਵਾ ਅਤੇ ਪਹਿਲੀ ਤੁਰ੍ਹੀ ਵਿਚਕਾਰ ਕੁਝ ਫ਼ਰਕ ਹਨ। ਜਦੋਂ ਪਹਿਲੀ ਤੁਰ੍ਹੀ ਫੂਕੀ ਗਈ, ਧਰਤੀ ਉੱਤੇ ਗੜੇ ਅਤੇ ਅੱਗ ਨਾਲੋਂ ਵੀ ਵੱਧ ਕੁਝ ਡਿੱਗਾ। ਇਹ **ਲਹੂ ਨਾਲ ਮਿਲੇ ਹੋਏ** ਗੜੇ ਅਤੇ ਅੱਗ ਸੀ। ਕਈ ਵਾਰ ਕਮੈਂਟਰੀਆਂ "ਲਾਲ ਮੀਂਹ" ਦੇ ਲਈ ਅਸਪੱਸ਼ਟ ਇਤਹਾਸਕ ਹਵਾਲੇ ਦਾ ਜ਼ਿਕਰ ਕਰਦੀਆਂ ਹਨ ਜੋ ਉਸ ਸਮੇਂ ਡਿੱਗਾ ਜਦੋਂ ਸਹਾਰਾ ਮਾਰੂਥਲ ਵਿੱਚੋਂ ਗੂੜ੍ਹੀ ਲਾਲ ਰੇਤ ਹਵਾ ਵਿੱਚ ਉੱਡੀ ਅਤੇ ਮੀਂਹ ਦੀਆਂ ਬੂੰਦਾਂ ਵਿੱਚ ਰਲ ਗਈ। ਉਹ ਸੁਝਾਅ ਦਿੰਦੇ ਹਨ ਕਿ ਇਸ ਅਨੋਖੀ ਘਟਨਾ ਨੇ ਪਰਕਾਸ਼ ਦੀ ਪੋਥੀ 8:7 ਦੇ ਅਲੰਕਾਰ ਨੂੰ ਪ੍ਰਭਾਵਿਤ ਕੀਤਾ ਹੋਵੇਗਾ। ਫਿਰ ਵੀ, ਯੂਹੰਨਾ ਨੇ ਲਾਲ ਰੇਤ ਨਾਲ ਮਿਲਿਆ ਹੋਇਆ ਮੀਂਹ ਨਹੀਂ ਵੇਖਿਆ; ਉਸ ਨੇ ਅਕਾਸ਼ਾਂ ਤੋਂ *ਲਹੂ* ਵਹਿੰਦੇ ਹੋਏ ਵੇਖਿਆ। ਪ੍ਰੇਰਣਾ ਦੇ ਨਾਲ ਬਣਾਈ ਗਈ ਡਰਾਉਣੀ ਤਸਵੀਰ ਗਰਜਦੀ ਬਿਜਲੀ ਦੀ ਲਿਸ਼ਕ, ਵੱਡੇ-ਵੱਡੇ ਗੜਿਆਂ ਦੀ ਹੈ ਜੋ ਜ਼ਮੀਨ ਤੇ ਡਿੱਗ ਰਹੇ ਸਨ ਅਤੇ ਗਰਮ, ਚਿਪਚਿਪਾ ਲਹੂ ਮੀਂਹ ਦੇ ਵਾਂਗ ਵਰਸ ਰਿਹਾ ਸੀ।

ਸਤਵੀਂ ਬਵਾ ਅਤੇ ਪਹਿਲੀ ਤੁਰ੍ਹੀ ਵਿਚਕਾਰ ਸਭ ਤੋਂ ਮਹੱਤਵਪੂਰਣ ਫ਼ਰਕ ਇਹ ਹੈ ਕਿ ਸਤਵੀਂ ਬਵਾ ਨੇ "ਸਾਰੇ ਮਿਸਰ ਦੇਸ ਵਿੱਚ *ਸਭ ਕੁਝ* ਜੋ ਜੂਹ ਵਿੱਚ ਸੀ ਭੰਨ ਸੁੱਟਿਆ" (ਕੂਚ 9:25; ਜ਼ੋਰ ਦਿੱਤਾ ਗਿਆ ਹੈ), ਜਦ ਕਿ ਪਹਿਲੀ ਤੁਰ੍ਹੀ ਨੇ ਸਿਰਫ ਧਰਤੀ ਦੀ ਇੱਕ ਤਿਹਾਈ ਨੂੰ ਪ੍ਰਭਾਵਿਤ ਕੀਤਾ; ਸਿਰਫ ਧਰਤੀ ਦਾ ਇੱਕ ਤਿਹਾਈ ਘਾਹ ਸੜ ਗਿਆ। ਕੁਝ ਲੋਕ ਇਸ ਤੱਥ ਬਾਰੇ ਚਿੰਤਤ ਹੁੰਦੇ ਹਨ ਕਿ ਆਇਤ 7 ਕਹਿੰਦੀ ਹੈ ਕਿ **ਸਭ ਹਰਾ ਘਾਹ ਸੜ ਗਿਆ**, ਪਰ ਫਿਰ 9:4 ਵਿੱਚ, ਟਿੱਡਿਆਂ ਨੂੰ ਕਿਹਾ ਗਿਆ ਸੀ ਕਿ ਉਹ ". . . ਧਰਤੀ ਦੇ ਘਾਹ ਦਾ ਵਿਗਾੜ ਨਾ ਕਰਨ।" ਹਾਲਾਂਕਿ ਪਰਕਾਸ਼ ਦੀ ਪੋਥੀ ਦੇ ਅਲੰਕਾਰ ਵਿੱਚ ਨਿਰੰਤਰਤਾ ਮੁੱਢਲਾ ਉਦੇਸ਼ ਨਹੀਂ ਹੈ, ਸ਼ਾਇਦ ਇੱਥੇ ਕੋਈ ਨਿਰੰਤਰਤਾ ਸ਼ਾਮਲ ਨਹੀਂ ਹੈ। ਵਿਅਕਤੀ ਨੂੰ ਸ਼ਾਇਦ ਇਹ ਸਮਝਣਾ ਚਾਹੀਦਾ ਹੈ ਕਿ "ਸਾਰਾ ਹਰਾ ਘਾਹ" *ਧਰਤੀ ਦੀ ਇੱਕ ਤਿਹਾਈ ਵਿੱਚ ਜੋ ਪ੍ਰਭਾਵਿਤ ਹੋਇਆ ਸੀ* "ਸੜ ਗਿਆ।" ਇਹ ਅਧੂਰੇ ਨਿਆਂ ਹਨ। ਪਰਮੇਸ਼ੁਰ ਦੇ ਕ੍ਰੋਧ ਦਾ ਆਉਣਾ ਉਸ ਦੀ ਰੱਬੀ ਦਯਾ ਦੀ ਝਲਕ ਨਾਲ ਸੰਤੁਲਿਤ ਕੀਤਾ ਗਿਆ ਸੀ।

### ਦੂਜੀ ਤੁਰ੍ਹੀ (8:8, 9)

**8ਫੇਰ ਦੂਜੇ ਦੂਤ ਨੇ ਤੁਰ੍ਹੀ ਵਜਾਈ। ਤਾਂ ਇੱਕ ਵੱਡਾ ਪਹਾੜ ਜਿਹਾ ਅੱਗ ਨਾਲ ਬਲਦਾ ਹੋਇਆ ਸਮੁੰਦਰ ਵਿੱਚ ਸੁੱਟਿਆ ਗਿਆ ਅਤੇ ਸਮੁੰਦਰ ਦੀ ਇੱਕ ਤਿਹਾਈ ਲਹੂ ਬਣ ਗਈ।**
**9ਅਤੇ ਸਮੁੰਦਰ ਦੇ ਜਲ ਜੰਤੂਆਂ ਦੀ ਇੱਕ ਤਿਹਾਈ ਮਰ ਗਈ ਅਤੇ ਜਹਾਜ਼ਾਂ ਦੀ ਇੱਕ ਤਿਹਾਈ ਨਸ਼ਟ ਹੋ ਗਈ।**

**ਆਇਤ 8.** ਦੂਜੀ ਤੁਰ੍ਹੀ ਵੱਜਣ ਤੇ **ਸਮੁੰਦਰ** ਵਿੱਚ ਆਫ਼ਤ ਆ ਗਈ। ਸ਼ਾਇਦ ਇਹ ਭੂਮੱਧ-ਸਾਗਰ ਦਾ ਹਵਾਲਾ ਸੀ।

ਟਿੱਪਣੀਕਾਰ **ਅੱਗ ਨਾਲ ਬਲਦੇ ਹੋਏ ਵੱਡੇ ਪਹਾੜ** ਦੀ ਤਸਵੀਰ ਤੋਂ ਮੋਹਿਤ ਹੋਏ ਹਨ। ਕਈਆਂ ਦਾ ਮੰਨਣਾ ਹੈ ਕਿ ਪੁਰਾਣੇ ਨੇਮ ਵਿੱਚ, ਇਹੋ ਜਿਹ ਅਲੰਕਾਰ ਬਾਬੁਲ ਦੇ ਨਾਸ ਦਾ ਹਵਾਲਾ ਦੇਣ ਦੇ ਲਈ ਵਰਤਿਆ ਗਿਆ ਸੀ (ਯਿਰਮਿਯਾਹ 51:24, 25)। ਕੁਝ ਸੋਚਦੇ ਹਨ ਕਿ

ਇਹ ਪ੍ਰਤੀਕਵਾਦ ਕੁਝ ਸਾਲ ਪਹਿਲਾਂ 79 ਈ. ਵੀ. ਵਿੱਚ ਵਸੂਵੀਅਸ ਦੇ ਵਿੱਚੋਂ ਨਿਕਲ ਕੇ ਆਇਆ ਸੀ, ਜਿਸ ਨੇ ਪੌਂਪੀ ਨੂੰ ਦਫ਼ਨਾਇਆ ਅਤੇ ਨੈਪਲਸ ਦੀ ਖਾੜੀ ਨੂੰ ਉਜਾੜ ਦਿੱਤਾ।[22] ਕੁਝ ਹੋਰਨਾਂ ਦਾ ਮੰਨਣਾ ਹੈ ਕਿ ਯੂਹੰਨਾ ਕਿਰਿਆਸ਼ੀਲ ਜਵਾਲਾ ਮੁਖੀਆਂ ਦੁਆਰਾ ਪ੍ਰਭਾਵਿਤ ਹੋਇਆ ਸੀ ਜੋ ਕਿ ਪਤਮੁਸ ਟਾਪੂ ਤੋਂ ਜ਼ਿਆਦਾ ਦੂਰ ਨਹੀਂ ਸਨ।[23] ਅਜਿਹਾ ਹੀ ਇੱਕ ਕਿਰਿਆਸੀਲ ਜਵਾਲਾਮੁਖੀ ਜੋ ਯੂਹੰਨਾ ਨੇ ਵੇਖਿਆ ਹੋਵੇਗਾ ਥੀਆ ਸੀ। ਫਿਰ ਵੀ, ਯੂਹੰਨਾ ਨੇ ਇਹ ਨਹੀਂ ਆਖਿਆ, "ਇੱਕ ਵੱਡਾ ਪਹਾੜ ਅੱਗ ਨਾਲ ਬਲਦਾ ਹੋਇਆ ਸਮੁੰਦਰ ਵਿੱਚ ਸੁੱਟਿਆ ਗਿਆ।" ਬਲਕਿ, ਉਸ ਨੇ ਕਿਹਾ ਕਿ ਉਸ ਨੇ "ਇੱਕ ਵੱਡਾ ਪਹਾੜ *ਜਿਹਾ*" ਵੇਖਿਆ (ਜ਼ੋਰ ਦਿੱਤਾ ਗਿਆ ਹੈ)। ਬਾਰਕਲੇਅ ਦਾ ਅਨੁਵਾਦ ਕਹਿੰਦਾ ਹੈ "ਜਿਸ ਨੂੰ ਮੈਂ ਸਿਰਫ ਇੱਕ ਵੱਡਾ ਪਹਾੜ ਅੱਗ ਨਾਲ ਬਲਦਾ ਹੋਇਆ *ਕਹਿ* ਸਕਦਾ ਹਾਂ।"[24] ਅਸੀਂ ਇਸ ਗੱਲ ਤੋਂ ਅਣਜਾਣ ਹਾਂ ਕਿ ਯੂਹੰਨਾ ਨੇ ਅਸਲ ਵਿੱਚ ਕੀ ਵੇਖਿਆ ਸੀ, ਪਰ ਇਸ ਦਾ ਕੋਈ ਫ਼ਰਕ ਨਹੀਂ ਪੈਂਦਾ। "ਇੱਕ ਵੱਡਾ ਪਹਾੜ ਜਿਹਾ ਕੁਝ" ਸਿਰਫ ਇੱਕ ਵਿਸ਼ਾਲ ਮੰਚ ਸਮੱਗਰੀ ਸੀ ਜੋ ਆਤਮਾ ਦੁਆਰਾ ਨਾਟਕੀ ਪ੍ਰਭਾਵ ਦੇ ਲਈ ਵਰਤੀ ਗਈ ਸੀ।

**ਆਇਤ 9.** "ਪਹਾੜ" ਮਹੱਤਵਪੂਰਣ ਨਹੀਂ ਹੈ, ਪਰ ਸਮੁੰਦਰ ਉੱਤੇ ਪਿਆ ਹੋਇਆ ਇਸ ਦਾ ਪ੍ਰਭਾਵ ਮਹੱਤਵਪੂਰਣ ਹੈ। **ਅਤੇ ਸਮੁੰਦਰ ਦੇ ਜਲ ਜੰਤੂਆਂ ਦੀ ਇੱਕ ਤਿਹਾਈ ਮਰ ਗਈ ਅਤੇ ਜਹਾਜ਼ਾਂ ਦੀ ਇੱਕ ਤਿਹਾਈ ਨਸ਼ਟ ਹੋ ਗਈ।** ਮਨ ਵਿੱਚ ਪਹਿਲੀ ਬਵਾ ਦਾ ਖਿਆਲ ਆਉਂਦਾ ਹੈ: "ਤਾਂ ਮੂਸਾ . . . ਉਸ ਢਾਂਗਾ ਉਤਾਹਾਂ ਚੁੱਕ ਕੇ . . . ਦਰਿਆ ਦੇ ਪਾਣੀਆਂ ਉੱਤੇ ਮਾਰਿਆ ਤਾਂ ਸਾਰੇ ਪਾਣੀ ਜਿਹੜੇ ਦਰਿਆ ਵਿੱਚ ਸਨ ਲਹੂ ਬਣ ਗਏ ਅਤੇ ਮੱਛੀਆਂ ਜਿਹੜੀਆਂ ਦਰਿਆ ਵਿੱਚ ਸਨ ਮਰ ਗਈਆਂ . . ." (ਕੂਚ 7:20, 21)। ਜਦੋਂ ਅੱਗੇ ਜਾ ਕੇ 16 ਅਧਿਆਇ ਵਿੱਚ ਤੀਜਾ ਕਟੋਰਾ ਉਲੱਦਿਆ ਜਾਵੇਗਾ, ਸਮੁੰਦਰ ਦਾ ਪਾਣੀ ਫੇਰ ਲਹੂ ਵਿੱਚ ਬਦਲ ਜਾਵੇਗਾ, ਪਰ ਪਹਾੜ ਦਾ ਕੋਈ ਜ਼ਿਕਰ ਨਹੀਂ ਹੋਵੇਗਾ (16:3)। ਮੁੱਖ ਅੰਸ਼ ਪਹਾੜ ਨਹੀਂ ਹੈ, ਪਰ ਸਮੁੰਦਰ ਦੇ ਪਾਣੀ ਦਾ ਲਹੂ ਵਿੱਚ ਬਦਲਣਾ ਹੈ।

ਨਵੇਂ ਨੇਮ ਦੇ ਸਮਿਆਂ ਵਿੱਚ, ਮਨੁੱਖ ਆਪਣੀ ਰੋਜ਼ੀ ਰੋਟੀ ਲਈ ਜ਼ਿਆਦਾਤਰ ਸਮੁੰਦਰ ਤੇ ਹੀ ਨਿਰਭਰ ਸਨ। ਜ਼ਿਆਦਾਤਰ ਅਬਾਦੀ ਸਮੁੰਦਰ ਦੀਆਂ ਸਰਹੱਦਾਂ ਤੇ ਹੀ ਹੁੰਦੀ ਸੀ। ਬਹੁਤ ਸਾਰੇ ਦੇਸ਼ ਵਪਾਰ ਲਈ ਸਮੁੰਦਰ ਤੇ ਹੀ ਨਿਰਭਰ ਸਨ। ਭੋਜਨ ਦਾ ਮੁੱਖ ਸਰੋਤ ਮੱਛੀ ਉਦਯੋਗ ਸੀ। ਸਾਰਾ ਸੰਸਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ ਜੇਕਰ ਅਚਾਣਕ ਇੱਕ ਤਿਹਾਈ ਜਹਾਜ਼ ਡੁੱਬ ਜਾਣਗੇ ਅਤੇ ਇੱਕ ਤਿਹਾਈ ਮੱਛੀਆਂ ਮਰ ਜਾਣਗੀਆਂ। ਅੱਜ, ਲੋਕ ਪਹਿਲੀ ਸਦੀ ਦੇ ਵਾਂਗ ਆਪਣੀ ਰੋਜ਼ੀ ਰੋਟੀ ਦੇ ਲਈ ਸਮੁੰਦਰ ਤੇ ਨਿਰਭਰ ਨਹੀਂ ਹਨ, ਪਰ ਫਿਰ ਵੀ ਜੇਕਰ ਜਹਾਜ਼ਾਂ ਦਾ ਇੱਕ ਤਿਹਾਹੀ ਹਿੱਸਾ ਨਸ਼ਟ ਹੋ ਜਾਂਦਾ ਹੈ ਅਤੇ ਜਲ ਜੰਤੂਆਂ ਦਾ ਇੱਕ ਤਿਹਾਈ ਹਿੱਸਾ ਮਰ ਜਾਂਦਾ ਹੈ ਤਾਂ ਇਹ ਇੱਕ ਬਹੁਤ ਵੱਡੀ ਤਬਾਹੀ ਹੋਵੇਗੀ। 1 ਜਨਵਰੀ, 1981 ਨੂੰ, ਲਗਭਗ 25,000 ਸਮੁੰਦਰ ਵਿੱਚ ਚੱਲਣ ਵਾਲੇ ਜਹਾਜ਼ ਦਰਜ ਕੀਤੇ ਗਏ। ਇੱਕੋ ਸਮੇਂ 8,000 ਤੋਂ ਵੀ ਵੱਧ ਸਮੁੰਦਰੀ ਜਹਾਜ਼ਾਂ ਦੇ ਨਸ਼ਟ ਹੋਣ ਦੀ ਕਲਪਨਾ ਕਰੋ। ਸਮੁੰਦਰਾਂ ਦਾ ਸੰਸਾਰ ਦੀ ਸਤ੍ਹਾ ਦੇ ਲਗਭਗ ਤਿੰਨ-ਚੌਥਾਈ ਹਿੱਸੇ ਤੇ ਕਬਜ਼ਾ ਹੈ। ਉਸ ਖੇਤਰ ਦਾ ਇੱਕ ਤਿਹਾਈ ਧਰਤੀ ਦੇ ਖੇਤਰ ਦੀ ਕੁੱਲ ਜ਼ਮੀਨ ਦੇ ਬਰਾਬਾਰ ਹੋਵੇਗਾ। ਜੇਕਰ ਉੱਨਾ ਜ਼ਿਆਦਾ ਖੇਤਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਸੀ, ਤਾਂ ਸੱਚਮੁੱਚ ਇਹ ਇੱਕ ਬਹੁਤ ਵੱਡੀ ਤਬਾਹੀ ਹੋਵੇਗੀ।

ਬਾਅਦ ਵਿੱਚ, ਜਦੋਂ ਕਟੋਰੇ ਉਲੱਦੇ ਜਾਣਗੇ, ਦੂਤ ਇਹ ਐਲਾਨ ਕਰੇਗਾ ਕਿ ਪਾਣੀ ਦਾ ਲਹੂ ਵਿੱਚ ਬਦਲਣਾ ਉਨ੍ਹਾਂ ਉੱਤੇ ਇੱਕ ਉਚਤ ਨਿਆਂ ਸੀ ਜਿਨ੍ਹਾਂ ਨੇ "ਸੰਤਾਂ ਅਤੇ ਨਬੀਆਂ ਦਾ ਲਹੂ ਵਹਾਇਆ" (16:6)। ਵਚਨ ਕਹਿੰਦਾ ਹੈ, "ਮਨੁੱਖ ਜੋ ਕੁਝ ਬੀਜਦਾ ਹੈ ਸੋਈਓ ਵੱਢੇਗਾ ਭੀ" (ਗਲਾਤੀਆਂ 6:7)।

**ਤੀਜੀ ਤੁਰ੍ਹੀ (8:10, 11)**

**[10]ਫੇਰ ਤੀਜੇ ਦੂਤ ਨੇ ਤੁਰ੍ਹੀ ਵਜਾਈ ਤਾਂ ਇੱਕ ਵੱਡਾ ਤਾਰਾ ਮਸਾਲ ਵਾਂਙੁ ਬਲਦਾ ਹੋਇਆ ਅਕਾਸ਼ੋਂ ਟੁੱਟਿਆ ਅਤੇ ਨਦੀਆਂ ਦੀ ਇੱਕ ਤਿਹਾਈ ਉੱਤੇ ਅਤੇ ਪਾਣੀਆਂ ਦਿਆਂ ਸੁੰਬਾਂ ਉੱਤੇ ਜਾ ਪਿਆ। [11]ਉਸ ਤਾਰੇ ਦਾ ਨਾਉਂ ਨਾਗਦਉਣਾ ਕਰਕੇ ਆਖੀਦਾ ਹੈ ਅਤੇ ਪਾਣੀਆਂ ਦੀ ਇੱਕ ਤਿਹਾਈ ਨਾਗਦਉਣੇ ਜਿਹੀ ਹੋ ਗਈ ਅਤੇ ਓਹਨਾਂ ਪਾਣੀਆਂ ਨਾਲ ਇਸ ਲਈ ਜੋ ਓਹ ਕੌੜੇ ਹੋ ਗਏ ਸਨ ਬਹੁਤੇ ਮਨੁੱਖ ਮਰ ਗਏ।**

**ਆਇਤ 10.** ਤੀਜੀ ਤੁਰ੍ਹੀ ਵੱਜਣ ਤੇ ਪਾਣੀਆਂ ਵਿੱਚ ਤਬਾਹੀ ਮੱਚ ਗਈ: **ਫੇਰ ਤੀਜੇ ਦੂਤ ਨੇ ਤੁਰ੍ਹੀ ਵਜਾਈ ਤਾਂ ਇੱਕ ਵੱਡਾ ਤਾਰਾ ਮਾਸਲ ਵਾਂਙੁ ਬਲਦਾ ਹੋਇਆ ਅਕਾਸ਼ੋਂ ਟੁੱਟਿਆ ਅਤੇ ਨਦੀਆਂ ਦੀ ਇੱਕ ਤਿਹਾਈ ਉੱਤੇ ਅਤੇ ਪਾਣੀਆਂ ਦਿਆਂ ਸੁੰਬਾਂ ਉੱਤੇ ਜਾ ਪਿਆ।**

ਇੱਕ ਵਾਰ ਫੇਰ, ਟਿੱਪਣੀਕਾਰ, "ਛੋਟੀਆਂ-ਛੋਟੀਆਂ ਚੀਜ਼ਾਂ ਵਿੱਚ ਵੱਡੀ ਚੀਜ਼ ਨੂੰ ਵੇਖਦੇ ਹਨ" ਜਦੋਂ ਉਹ **ਵੱਡੇ ਤਾਰੇ** ਦੇ ਅਰਥ ਨਾਲ ਜੱਦੋ-ਜਹਿਦ ਕਰਦੇ ਹਨ। ਇੱਕ ਟਿੱਪਣੀਕਾਰ ਦੱਸਦਾ ਹੈ ਕਿ ਇਹੋ ਜਿਹੀ ਸ਼ਬਦਾਵਲੀ ਪੁਰਾਣੇ ਨੇਮ ਵਿੱਚ ਬਾਬੁਲ ਦੇ ਰਾਜਾ ਦੇ ਡਿੱਗਣ ਦਾ ਹਵਾਲਾ ਦੇਣ ਲਈ ਵਰਤੀ ਗਈ ਸੀ (ਯਸਾਯਾਹ 14:4, 12)। ਇੱਕ ਹੋਰ ਟਿੱਪਣੀਕਾਰ ਇਹ ਸੁਝਾਅ ਦਿੰਦਾ ਹੈ ਕਿ ਪਰਕਾਸ਼ ਦੀ ਪੋਥੀ ਵਿੱਚ ਆਤਮਿਕ ਬਾਬੁਲ, ਜਾਂ ਰੋਮ ਉੱਤੇ ਰਾਜਾ (ਵੇਖੋ 17:9, 18) ਡੋਮੀਸ਼ੀਅਨ ਹੈ - ਇਸ ਲਈ ਉਹ ਵੱਡਾ ਤਾਰਾ ਸਮਰਾਟ ਹੋਵੇਗਾ। ਫਿਰ ਵੀ ਇੱਕ ਹੋਰ ਟਿੱਪਣੀਕਾਰ ਤਾਰੇ ਨੂੰ ਹਾਲ ਹੀ ਦੇ ਇਤਹਾਸ ਵਿੱਚ ਕਿਸੇ ਵਿਅਕਤੀ ਵਜੋਂ ਪਛਾਣਦਾ ਹੈ। ਜਿਹੜੇ ਨਿਰੰਤਰ-ਇਤਹਾਸਕ ਵਿਚਾਰ ਨੂੰ ਮੰਨਦੇ ਹਨ ਤਾਰੇ ਨੂੰ ਬੀਤੇ ਸਮੇਂ ਦੇ ਇੱਕ ਇਤਹਾਸਕ ਵਿਅਕਤੀ ਵਜੋਂ ਪਛਾਣਦੇ ਹਨ, ਜਦ ਕਿ ਹਜ਼ਾਰ ਵਰ੍ਹੇ ਤੋਂ ਪਹਿਲਾਂ ਆਉਣ ਵਾਲੇ ਸਮੇਂ ਵਿੱਚ ਵਿਸ਼ਵਾਸ ਕਰਨ ਵਾਲੇ ਮੰਨਦੇ ਹਨ ਕਿ ਇਹ ਉਨ੍ਹਾਂ ਦਾ ਭਿਆਣਕ ਵਿਅਕਤਿਤਵ, ਇਤਹਾਸਕ "ਮਸੀਹ ਦਾ ਵਿਰੋਧੀ" ਹੈ। ਹੋਰ ਟਿੱਪਣੀਕਾਰ ਇਹ ਜ਼ੋਰ ਦਿੰਦੇ ਹਨ ਕਿ ਇਹ ਉਹੋ ਤਾਰਾ ਹੈ ਜਿਸ ਦਾ ਜ਼ਿਕਰ ਅਗਲੇ ਅਧਿਆਇ ਵਿੱਚ ਕੀਤਾ ਗਿਆ ਹੈ ਅਤੇ ਇਸ ਲਈ ਇਹ ਸ਼ਤਾਨ ਦਾ ਹਵਾਲਾ ਦਿੰਦਾ ਹੋਵੇਗਾ (9:1 ਤੇ ਟਿੱਪਣੀਆਂ ਵੇਖੋ)।

ਕੁਝ ਇਸ ਤੱਥ ਬਾਰੇ ਚਿੰਤਾ ਕਰਦੇ ਹਨ ਕਿ ਇੱਥੇ ਅਤੇ 9:1 ਵਿੱਚ ਇੱਕ ਤਾਰਾ "ਅਕਾਸ਼ ਤੋਂ" ਡਿੱਗਦਾ ਹੈ, ਜਦ ਕਿ ਪਹਿਲਾਂ 6:13 ਵਿੱਚ ਇਹ ਦੱਸਿਆ ਗਿਆ ਸੀ ਕਿ ਅਕਾਸ਼ ਦੇ ਸਾਰੇ ਧਰਤੀ ਉੱਤੇ ਡਿੱਗ ਪਏ। ਇਨ੍ਹਾਂ ਤੱਥਾਂ ਨੂੰ ਯਾਦ ਰੱਖੋ: (1) ਇਹ ਪ੍ਰਤੀਕਵਾਦ ਹੈ, ਅਸਲੀਅਤ ਨਹੀਂ। ਅਸਲੀ ਤਾਰਾ ਧਰਤੀ ਉੱਤੇ ਨਹੀਂ ਸੀ ਡਿੱਗ ਸਕਦਾ, ਕਿਉਂਕਿ ਤਾਰੇ ਧਰਤੀ ਨਾਲੋਂ ਵੱਡੇ ਹਨ। (2) ਪੁਸਤਕ ਵਿੱਚ ਨਿਰੰਤਰਤਾ ਦਾ ਘੱਟ ਮਹੱਤਵ ਹੈ। (3) ਹਰ ਭਾਗ ਲਗਭਗ "ਫਿਰ ਤੋਂ ਸ਼ੁਰੂ ਹੁੰਦਾ ਹੈ," ਇਸ ਲਈ ਇਹ ਤੱਥ ਕਿ ਪਿਛਲੇ ਭਾਗ ਵਿੱਚ ਤਾਰੇ ਧਰਤੀ ਉੱਤੇ ਡਿੱਗੇ ਸਨ ਜ਼ਰੂਰੀ ਨਹੀਂ ਹੈ ਉਸ ਦਾ ਇਸ ਭਾਗ ਨਾਲ ਕੋਈ ਵਾਸਤਾ ਹੋਵੇ।

ਫੇਰ, ਤਾਰਾ ਮੂਲ ਰੂਪ ਵਿੱਚ ਮੰਚ ਸਮੱਗਰੀ ਹੈ। ਇਸ ਬੰਦ ਵਿੱਚ ਮੁੱਦੇ ਦੀ ਗੱਲ ਇਹ ਹੈ ਕਿ ਇਸ ਤਾਰੇ ਨੇ ਪੀਣ ਵਾਲੇ ਪਾਣੀ ਦੇ ਸਰੋਤਾਂ ਨੂੰ ਕਿਵੇਂ ਪ੍ਰਭਾਵਿਤ ਕੀਤਾ ਸੀ। ਜਿਵੇਂ ਕਿ ਪਿਛਲੀਆਂ ਦੋ ਤੁਰ੍ਹੀਆਂ ਵਿੱਚ ਹੈ, ਇਨ੍ਹਾਂ ਸਰੋਤਾਂ ਦਾ ਸਿਰਫ ਇੱਕ ਤਿਹਾਈ ਹਿੱਸਾ – ਪੂਰਾ ਨਹੀਂ, ਸਿਰਫ ਕੁਝ ਪ੍ਰਤੀਸ਼ਤ ਪ੍ਰਭਾਵਿਤ ਹੋਵੇਗਾ।

**ਆਇਤ 11. ਓਸ ਤਾਰੇ ਦਾ ਨਾਉਂ ਨਾਗਦਉਣਾ ਕਰਕੇ ਆਖੀਦਾ ਹੈ ਅਤੇ ਪਾਣੀਆਂ ਦੀ ਇੱਕ ਤਿਹਾਈ ਨਾਗਦਉਣੇ ਜਿਹੀ ਹੋ ਗਈ ਅਤੇ ਓਹਨਾਂ ਪਾਣੀਆਂ ਨਾਲ ਇਸ ਲਈ ਜੋ ਓਹ ਕੌੜੇ ਹੋ ਗਏ ਸਨ ਬਹੁਤੇ ਮਨੁੱਖ ਮਰ ਗਏ।**

ਜਦੋਂ ਤਾਰੇ ਡਿੱਗੇ, ਨਦੀਆਂ ਅਤੇ ਸੋਤਿਆਂ ਦੇ ਪਾਣੀ **ਕੌੜੇ ਹੋ ਗਏ**। ਬਹੁਤ ਸਾਰੇ ਲੇਖਕ ਜ਼ਿਕਰ ਕਰਦੇ ਹਨ ਕਿ ਮਾਰਾਹ ਵਿੱਚ ਇਹ ਚਮਤਕਾਰ ਉਲਟ ਸੀ: ਮਾਰਾਹ ਵਿੱਚ ਕੌੜਾ ਪਾਣੀ ਮਿੱਠਾ ਹੋ ਗਿਆ ਸੀ, ਜਿਸ ਦਾ ਅਰਥ ਹੈ "ਕੌੜਾ" (ਕੂਚ 15:23-26)। ਇੱਥੇ **ਨਾਗਦਉਣਾ** ਸ਼ਬਦ ਅਸ਼ੁਭ ਪ੍ਰਤੀਤ ਹੁੰਦਾ ਹੈ।[25] ਇਹ ਗਲੀ ਸੜੀ ਲੱਕੜੀ ਦੀਆਂ ਤਸਵੀਰਾਂ ਨੂੰ ਉਤਪੰਨ ਕਰਦਾ ਹੈ ਜੋ ਸਿਉਂਕ ਦੇ ਛੇਦਾਂ ਨਾਲ ਛਲਨੀ ਹੋ ਚੁੱਕੀ ਹੈ। ਅਸਲ ਵਿੱਚ, ਨਾਗਦਉਣੇ ਦਾ ਕੀੜਿਆਂ ਜਾਂ ਲੱਕੜੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਬਲਕਿ ਇਹ ਪਛਾਣ ਰਹਿਤ-ਦਿਖਣ ਵਾਲਾ ਪੌਦਾ ਹੈ। "ਨਾਗਦਉਣਾ" ਉਸ ਸ਼ਰੇਣੀ ਦੇ ਪੌਦਿਆਂ ਦੇ ਲਈ ਇੱਕ ਸਧਾਰਣ ਨਾਂਅ ਹੈ ਜਿਸ ਨੂੰ *ਅਰਟੇਮੀਸੀਆ ਐਬਸਿਨਥਿਉਮ* ਵਜੋਂ ਜਾਣਿਆ ਜਾਂਦਾ ਹੈ, ਜਿਸ ਦੀ ਪਛਾਣ ਇਸ ਦੇ ਕੌੜੇ ਸੁਆਦ ਤੋਂ ਹੁੰਦੀ ਹੈ। ਫਲਿਸਤੀਨ ਵਿੱਚ ਕਈ ਕਿਸਮ ਦੇ ਪੌਦੇ ਉੱਗਦੇ ਸਨ। ਇਹ ਪੌਦਾ ਪਰਮੇਸ਼ੁਰ ਦੀ ਪ੍ਰੇਰਣਾ ਪਾਏ ਹੋਏ ਲੇਖਕਾਂ ਦੁਆਰਾ ਆਗਿਆਕਾਰੀ ਦੇ ਕੌੜੇ ਫਲ ਦਾ ਹਵਾਲਾ ਦੇਣ ਲਈ ਇਸਤੇਮਾਲ ਕੀਤਾ ਗਿਆ ਸੀ (ਬਿਵਸਥਾ ਸਾਰ 29:17, 18; ਕਹਾਉਤਾਂ 5:4; ਯਿਰਮਿਯਾਹ 9:14, 15; 23:15; ਵਿਰਲਾਪ 3:15, 19; ਆਮੋਸ 5:7; 6:12)। ਨਾਗਦਉਣਾ ਪੌਦਾ ਜਹਿਰੀਲਾ ਨਹੀਂ ਹੈ, ਪਰ ਯੂਹੰਨਾ ਦੇ ਦਰਸ਼ਣ ਵਿੱਚ, ਇਸ ਨੇ ਪਾਣੀ ਨੂੰ ਸਿਰਫ ਨਾ ਪੀਣ ਯੋਗ ਬਣਾਇਆ, ਪਰ ਜਾਨਲੇਵਾ ਵੀ ਬਣਾ ਦਿੱਤਾ। SEB ਬਾਈਬਲ 11 ਆਇਤ ਦਾ ਅਨੁਵਾਦ ਇਸ ਤਰ੍ਹਾਂ ਕਰਦੀ ਹੈ, "ਤਾਰੇ ਦਾ ਨਾਮ ਕੜਵਾਹਟ ਹੈ। ਇਸ ਨੇ ਇੱਕ ਤਿਹਾਈ ਪਾਣੀ ਨੂੰ ਕੌੜਾ ਕਰ ਦਿੱਤਾ। ਉਹ ਪਾਣੀ ਪੀਣ ਦੇ ਕਾਰਣ ਬਹੁਤ ਸਾਰੇ ਲੋਕ ਮਰ ਗਏ; ਇਹ ਜਹਿਰੀਲਾ ਸੀ।"

ਇਨਸਾਨ ਸ਼ੁਧ ਪਾਣੀ ਪੀਣ ਤੋਂ ਬਿਨਾਂ ਜ਼ਿਆਦਾ ਸਮੇਂ ਤੱਕ ਜ਼ਿੰਦਾ ਨਹੀਂ ਰਹਿ ਸਕਦੇ। ਧਰਤੀ ਦੇ ਤਾਜ਼ੇ ਪਾਣੀ ਦਾ ਇੱਕ ਤਿਹਾਈ ਵਿਨਾਸ਼ ਬਹੁਤ ਹੀ ਵਿਨਾਸ਼ਕਾਰੀ ਹੋਵੇਗਾ। ਤਬਾਹੀ ਵਾਲੇ ਇਲਾਕਿਆਂ ਵਿੱਚ ਜਿੱਥੇ ਹੜ ਅਤੇ ਹੋਰ ਕੁਦਰਤੀ ਆਫ਼ਤਾਂ ਨੇ ਪਾਣੀ ਨੂੰ ਦੂਸ਼ਿਤ ਕਰ ਦਿੱਤਾ ਹੈ, ਸਰਕਾਰੀ ਅਤੇ ਨਿੱਜੀ ਏਜੰਸੀਆਂ ਤਬਾਹੀ ਦਾ ਸ਼ਿਕਾਰ ਹੋ ਚੁੱਕੇ ਲੋਕਾਂ ਤੱਕ ਛੇਤੀ ਤੋਂ ਛੇਤੀ ਪੀਣ ਵਾਲਾ ਪਾਣੀ ਪਹੁੰਚਾਉਂਦੀਆਂ ਹਨ। ਜੇਕਰ ਉਨ੍ਹਾਂ ਤੱਕ ਸਾਫ਼ ਪਾਣੀ ਨਹੀਂ ਪਹੁੰਚਦਾ, ਪੂਰੇ ਇਲਾਕੇ ਵਿੱਚ ਬਿਮਾਰੀ ਫੈਲ ਜਾਵੇਗੀ ਜਿਸ ਦੇ ਕਾਰਣ ਬਹੁਤ ਸਾਰੀਆਂ ਮੌਤਾਂ ਹੋ ਸਕਦੀਆਂ ਹਨ। ਸਗੋਂ ਇਸ ਤਰ੍ਹਾਂ ਸੋਚਣਾ ਵੀ ਕਿ ਸੰਸਾਰ ਦਾ ਇੱਕ ਤਿਹਾਈ ਅਜਿਹੇ ਤਬਾਹੀ ਵਾਲੇ ਇਲਾਕਿਆਂ ਨਾਲ ਭਰਿਆ ਹੋਇਆ ਹੈ ਸਾਡੀ ਕਲਪਨਾ ਨੂੰ ਸ਼ਸੋਪੰਜ ਵਿੱਚ ਪਾ ਦਿੰਦਾ ਹੈ।

ਆਇਤ 11 ਵਿੱਚ ਤੁਰ੍ਹੀ ਦੇ ਵੱਜਣ ਕਰਕੇ ਮਨੁੱਖਾਂ ਦੀ ਮੌਤ ਦਾ ਪਹਿਲੀ ਵਾਰ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਗਿਆ ਹੈ, ਹਾਲਾਂਕਿ ਇਹ ਮੰਨਿਆ ਜਾਂਦਾ ਹੈ ਕਿ ਲੋਕ ਤਦ ਮਰ ਗਏ ਹੋਣਗੇ ਜਦੋਂ ਸਭ ਹਰੇ ਘਾਹ ਦਾ ਇੱਕ ਤਿਹਾਈ ਹਿੱਸਾ ਸੜ ਗਿਆ ਸੀ (ਪਹਿਲੀ ਤੁਰ੍ਹੀ) ਅਤੇ ਜਹਾਜ਼ਾਂ ਦਾ

ਇੱਕ ਤਿਹਾਈ ਹਿੱਸਾ ਨਸ਼ਟ ਹੋ ਗਿਆ ਸੀ (ਦੂਜੀ ਤੁਰ੍ਹੀ)। ਜਿਵੇਂ ਕਿ ਪਹਿਲਾਂ ਵੀ ਚਰਚਾ ਕੀਤੀ ਗਈ ਸੀ, ਪਹਿਲੀਆਂ ਚਾਰ ਤੁਰ੍ਹੀਆਂ ਨੇ ਲੋਕਾਂ ਨੂੰ ਸਿੱਧੇ ਤੌਰ ਤੇ ਨਹੀਂ, *ਅਸਿੱਧੇ ਤੌਰ ਤੇ* ਪ੍ਰਭਾਵਿਤ ਕੀਤਾ ਸੀ। ਆਇਤ 11 ਇਹ ਨਹੀਂ ਕਹਿੰਦੀ ਕਿ ਮਨੁੱਖਜਾਤੀ ਦਾ "ਇੱਕ ਤਿਹਾਈ" ਹਿੱਸਾ ਮਰ ਗਿਆ, ਪਰ ਸਿਰਫ ਇਹ ਕਿ **ਬਹੁਤੇ ਮਨੁੱਖ ਮਰ ਗਏ**। ਇਹ ਤੱਥ ਕਿ ਲੋਕ ਮਾਰੇ ਗਏ ਲਗਭਗ ਉਸ ਗੱਲ ਦੇ ਲਈ ਕੀਤੀ ਜਾ ਰਹੀ ਹੈ ਇੱਕ ਸੰਜੋਗ ਹੈ।

### ਚੌਥੀ ਤੁਰ੍ਹੀ (8:12)

**[12]ਫੇਰ ਚੌਥੇ ਦੂਤ ਨੇ ਤੁਰ੍ਹੀ ਵਜਾਈ ਤਾਂ ਸੂਰਜ ਦੀ ਇੱਕ ਤਿਹਾਈ ਅਤੇ ਚੰਦਰਮਾ ਦੀ ਇੱਕ ਤਿਹਾਈ ਅਤੇ ਤਾਰਿਆਂ ਦੀ ਇੱਕ ਤਿਹਾਈ ਮਾਰੀ ਗਈ ਭਈ ਓਹਨਾਂ ਦੀ ਇੱਕ ਤਿਹਾਈ ਅਨ੍ਹੇਰੀ ਹੋ ਜਾਵੇ ਅਤੇ ਦਿਨ ਦੀ ਇੱਕ ਤਿਹਾਈ ਚਾਨਣ ਨਾ ਹੋਵੇ ਅਤੇ ਇਸੇ ਪਰਕਾਰ ਰਾਤ ਦੀ ਭੀ।**

**ਆਇਤ 12.** ਚੌਥੀ ਤੁਰ੍ਹੀ ਵੱਜਣ ਤੇ ਪ੍ਰਕਿਰਤੀ ਦੀ ਆਖ਼ਰੀ ਵੰਡ ਵਿੱਚ ਤਬਾਹੀ ਮੱਚ ਗਈ ਜਿਸ ਦਾ ਇਸਤੇਮਾਲ ਪੁਰਾਣੇ ਸਮੇਂ ਦੇ ਬੁੱਧਵਾਨ ਲੋਕਾਂ ਦੁਆਰਾ ਕੀਤਾ ਗਿਆ ਸੀ: ਅਕਾਸ਼। ਕੁਝ ਹੱਦ ਤੱਕ, ਇਹ ਤੁਰ੍ਹੀ ਨੌਵੀਂ ਬਵਾ ਨਾਲ ਮਿਲਦੀ-ਜੁਲਦੀ ਹੈ: "ਤਾਂ ਮੂਸਾ ਨੇ ਆਪਣਾ ਹੱਥ ਅਕਾਸ਼ ਵੱਲ ਪਸਾਰਿਆ ਅਰ ਮਿਸਰ ਦੇ ਸਾਰੇ ਦੇਸ ਵਿੱਚ ਤਿੰਨ ਦਿਨ ਅਨ੍ਹੇਰ ਘੁੱਪ ਰਿਹਾ" (ਕੂਚ 10:22)।

ਜਿਹੜੇ ਲੋਕ ਇਸ ਵਿਸ਼ਵਵਿਆਪੀ ਵਿਨਾਸ਼ ਦੇ ਇਨ੍ਹਾਂ ਦ੍ਰਿਸ਼ਾਂ ਨੂੰ ਜਥਾਰਥ ਰੂਪ ਵਿੱਚ ਲੈਣ ਦੀ ਕੋਸ਼ਿਸ਼ ਕਰਦੇ ਹਨ ਉਨ੍ਹਾਂ ਨੂੰ ਚੌਥੀ ਤੁਰ੍ਹੀ ਤੋਂ ਦਿੱਕਤ ਹੁੰਦੀ ਹੈ। ਜੇਕਰ ਸੂਰਜ, ਚੰਦਰਮਾ ਅਤੇ ਤਾਰਿਆਂ ਦੀ ਇੱਕ ਤਿਹਾਈ ਜਥਾਰਥ ਰੂਪ ਵਿੱਚ ਪ੍ਰਭਾਵਿਤ ਹੋਈ ਸੀ, ਤਾਂ ਉਨ੍ਹਾਂ ਦੀ ਰੌਸ਼ਨੀ ਦਾ ਇੱਕ ਤਿਹਾਈ ਹਿੱਸਾ ਮਾਰਿਆ ਗਿਆ ਸੀ, ਪਰ ਫਿਰ ਵੀ ਸਾਡੇ ਕੋਲ ਲਗਭਗ ਬਾਰਾਂ ਘੰਟੇ ਰੌਸ਼ਨੀ ਸੀ (ਘੱਟ ਰੌਸਨੀ, ਪਰ ਫਿਰ ਵੀ ਚਾਨਣ) ਅਤੇ ਫਿਰ ਬਾਰਾਂ ਘੰਟੇ ਹਨੇਰਾ ਸੀ (ਘੁੱਪ ਹਨੇਰ, ਪਰ ਪੂਰਾ ਹਨੇਰਾ ਨਹੀਂ)। ਇਸ ਦੇ ਬਦਲੇ, ਯੂਹੰਨਾ ਦੇ ਦਰਸ਼ਣ ਵਿੱਚ, ਸੂਰਜ, ਚੰਦਰਮਾ ਅਤੇ ਤਾਰਿਆਂ ਦੇ ਮਾਰੇ ਜਾਣ ਦੇ ਨਤੀਜੇ ਵਜੋਂ ਦਿਨ ਅਤੇ ਰਾਤ ਦੌਰਾਨ ਕਾਫੀ ਲੰਬੇ ਸਮੇਂ ਤੱਕ ਹਨੇਰਾ ਰਿਹਾ ਜਿਸ ਵਿੱਚ ਬਿਲਕੁਲ ਵੀ ਰੌਸ਼ਨੀ ਨਹੀਂ ਸੀ। SEB ਬਾਈਬਲ ਦਾ ਅਨੁਵਾਦ ਵਿਸ਼ੇਸ਼ ਹੈ ਜੋ ਇਸ ਭਿੰਨਤਾ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਹ ਅਨੁਵਾਦ ਕਹਿੰਦਾ ਹੈ, "ਦਿਨ ਰੋਜ਼ ਦੇ ਵਾਂਗ ਸਿਰਫ ਇੱਕ ਤਿਹਾਈ ਰੌਸਨ ਸੀ ਅਤੇ ਰਾਤ ਦੇ ਸਮੇਂ ਦੋ ਤਿਹਾਈ ਹਨੇਰਾ ਸੀ" ਪਰ ਇਹ ਅਸਲੀ ਲਿਖਤ ਦੇ ਸ਼ਬਦ ਨਹੀਂ ਹਨ।

ਇਹ ਅਲੰਕਾਰ 8 ਅਧਿਆਇ ਵਿੱਚ ਪਹਿਲਾ ਦ੍ਰਿਸ਼ ਨਹੀਂ ਹੈ ਜੋ ਕਿ ਜਥਾਰਥ ਰੂਪ ਵਿੱਚ ਸੱਚਾ ਨਹੀਂ ਸੀ ਹੋ ਸਕਦਾ: ਅਕਾਸ਼ ਤੋਂ ਲਹੂ ਨਹੀਂ ਡਿੱਗਦਾ, ਪਹਾੜ ਸਮੁੰਦਰ ਵਿੱਚ ਨਹੀਂ ਸੁੱਟੇ ਜਾਂਦੇ ਅਤੇ ਤਾਰੇ ਧਰਤੀ ਉੱਤੇ ਨਹੀਂ ਡਿੱਗਦੇ। ਅਜਿਹੇ ਸਪੱਸ਼ਟ ਖੰਡਣਾਂ ਨੇ ਯੂਹੰਨਾ ਨੂੰ ਚਿੰਤਾ ਵਿੱਚ ਨਹੀਂ ਪਾਇਆ ਅਤੇ ਨਾ ਹੀ ਉਨ੍ਹਾਂ ਨੂੰ ਅੱਜ ਦੇ ਮਸੀਹੀ ਲੋਕਾਂ ਨੂੰ ਚਿੰਤਾ ਵਿੱਚ ਪਾਉਣਾ ਚਾਹੀਦਾ ਹੈ। ਰਸੂਲ "ਵੇਰਵਿਆਂ ਦੀ ਨਿਰੰਤਰਤਾ ਤੋਂ ਬਿਨਾਂ ਪ੍ਰਤੀਕਵਾਦ ਦਾ ਢੇਰ ਲਗਾਉਣ ਦੁਆਰਾ ਇੱਛਤ ਪ੍ਰਭਾਵ ਪੈਦਾ ਕਰਨ ਵਿੱਚ ਸੰਤੁਸ਼ਟ" ਸੀ।[26] ਲੀਓਨ ਮੌਰਿਸ ਦੀ ਟਿੱਪਣੀ ਬਿਲਕੁਲ ਨਿਸ਼ਾਨੇ ਤੇ ਹੈ: ". . . ਇਸ ਭਖਦੀ, ਜੋਸ਼ੀਲੀ ਅਤੇ ਕਾਵਿਆਤਮਕ ਆਤਮਾ ਨੂੰ ਪੜ੍ਹਨਾ ਇੱਕ ਵੱਡੀ

ਗਲਤੀ ਹੈ ਜਿਵੇਂ ਕਿ ਉਹ ਇੱਕ ਵਿਗਿਆਨਿਕ ਨਸਰ ਦੀ ਰਚਨਾ ਕਰ ਰਿਹਾ ਸੀ। ਉਹ ਸਪੱਸ਼ਟ ਚਿੱਤਰ ਬਣਾ ਰਿਹਾ ਸੀ ਅਤੇ ਇਸ ਗੱਲ ਦਾ ਜ਼ਰਾ ਵੀ ਕੋਈ ਫ਼ਰਕ ਨਹੀਂ ਪੈਂਦਾ ਕਿ ਉਸ ਦੇ ਵੇਰਵੇ ਬੇਸ਼ੱਕ ਇਕਸੁਰ ਨਹੀਂ ਹਨ . . . ।"[27]

ਮੁੱਦੇ ਦੀ ਗੱਲ ਇਹ ਹੈ ਕਿ *ਸਾਰਾ ਕਾਇਨਾਤ* ਪ੍ਰਭਾਵਿਤ ਹੋਇਆ ਸੀ। ਸੂਰਜ ਧਰਤੀ ਉੱਤੇ ਜੀਵਨ ਅਤੇ ਊਰਜਾ ਦਾ ਮੁੱਢਲਾ ਸਰੋਤ ਹੈ। ਸੂਰਜ ਦੀ ਤੀਬਰਤਾ ਵਿੱਚ ਕਿਸੇ ਵੀ ਵੱਡੇ ਵਾਧੇ ਜਾਂ ਘਾਟੇ ਨੇ ਜੀਵਨ ਨੂੰ ਬਰਬਾਦ ਕਰ ਦੇਣਾ ਸੀ ਜਿਵੇਂ ਕਿ ਅਸੀਂ ਇਸ ਗ੍ਰਹਿ ਤੇ ਜਾਣਦੇ ਹਾਂ। ਪਰਮੇਸ਼ੁਰ ਪਾਪ ਦੀ ਗੰਭੀਰਤਾ ਨੂੰ ਵਿਖਾਉਣ ਲਈ ਅਤੇ ਪਾਪੀਆਂ ਨੂੰ ਤੋਬਾ ਵੱਲ ਬੁਲਾਉਣ ਦੇ ਲਈ ਇਸ ਵਿਸਤਰਤ ਪ੍ਰਤੀਕਵਾਦ ਨੂੰ ਇਸਤੇਮਾਲ ਕਰਦਾ ਹੈ।

## ਉਕਾਬ ਦੀ ਚਿਤਾਵਨੀ (8:13)

**13ਤਾਂ ਮੈਂ ਨਿਗਾਹ ਕੀਤੀ ਅਤੇ ਇੱਕ ਉਕਾਬ ਨੂੰ ਅਕਾਸ਼ ਵਿੱਚ ਉੱਡਦੇ ਅਤੇ ਵੱਡੀ ਅਵਾਜ਼ ਨਾਲ ਇਹ ਕਹਿੰਦੇ ਸੁਣਿਆ ਭਈ ਹਾਇ ਹਾਇ ਹਾਇ ਧਰਤੀ ਦੇ ਵਾਸੀਆਂ ਨੂੰ! ਓਹਨਾਂ ਤਿੰਨਾਂ ਦੂਤਾਂ ਦੀ ਤੁਰ੍ਹੀ ਦੀਆਂ ਰਹਿੰਦੀਆਂ ਅਵਾਜ਼ਾਂ ਦੇ ਕਾਰਨ ਜਿਨ੍ਹਾਂ ਅਤੇ ਤੁਰ੍ਹੀ ਵਜਾਉਣੀ ਹੈ!**

**ਆਇਤ 13.** ਯੂਹੰਨਾ ਪਹਿਲੀਆਂ ਚਾਰ ਤੁਰ੍ਹੀਆਂ ਦੇ ਵੱਜਣ ਦਾ ਗਵਾਹ ਸੀ, ਉਸ ਨੇ **ਉਕਾਬ ਨੂੰ ਅਕਾਸ਼ ਵਿੱਚ ਉੱਡਦੇ ਵੇਖਿਆ** ਅਤੇ ਵੱਡੀ ਅਵਾਜ਼ ਨੂੰ ਸੁਣਿਆ। ਕੁਝ ਪੁਰਾਤਨ ਲਿਖਤਾਂ ਵਿੱਚ ਇਸ ਥਾਂ ਤੇ "ਸੁਰਗਦੂਤ" (ἄγγελος, *ਏਂਜਲੋਸ* ) ਸ਼ਬਦ ਵਰਤਿਆ ਗਿਆ ਹੈ, ਪਰ ਵੱਡਾ ਹੱਥਲਿਖਤੀ ਪ੍ਰਮਾਣ **ਉਕਾਬ** (ἀετός, *ਏਟੋਸ*) ਸ਼ਬਦ ਦਾ ਸਮਰਥਨ ਕਰਦਾ ਹੈ। *ਏਟੋਸ* ਸ਼ਬਦ ਦਾ ਅਨੁਵਾਦ "ਗਿਲਝਾਂ" ਵੀ ਕੀਤਾ ਜਾ ਸਕਦਾ ਹੈ (ਮੱਤੀ 24:28; ਲੂਕਾ 17:37)। ਉਕਾਬ (ਜਾਂ ਗਿਲਝ) ਨੂੰ ਇਸ ਲਈ ਇਸਤੇਮਾਲ ਕੀਤਾ ਗਿਆ ਹੈ ਕਿਉਂਕਿ ਇਸ ਦੇ ਸ਼ਕਤੀਸ਼ਾਲੀ ਖੰਭ ਇਸ ਨੂੰ **ਅਕਾਸ਼ ਵਿੱਚ** ਉੱਡਣ ਦਿੰਦੇ ਹਨ ਅਤੇ ਇਸ ਲਈ ਕਿਉਂਕਿ ਇਹ ਸ਼ਿਕਾਰ ਕਰਨ ਵਾਲਾ ਪੰਛੀ ਹੈ ਅਤੇ ਇਸ ਲਈ ਇਹ ਪਹਿਲੀ ਸਦੀ ਵਿੱਚ ਇੱਕ ਅਸ਼ੁੱਭ ਦ੍ਰਿਸ਼ ਸੀ।

ਉਕਾਬ ਵੱਡੀ ਅਵਾਜ਼ ਨਾਲ ਇਹ ਕਹਿ ਰਿਹਾ ਸੀ, **ਹਾਇ ਹਾਇ ਹਾਇ ਧਰਤੀ ਦੇ ਵਾਸੀਆਂ ਨੂੰ! ਓਹਨਾਂ ਤਿੰਨਾਂ ਦੂਤਾਂ ਦੀ ਤੁਰ੍ਹੀ ਦੀਆਂ ਰਹਿੰਦੀਆਂ ਅਵਾਜ਼ਾਂ ਦੇ ਕਾਰਨ ਜਿਨ੍ਹਾਂ ਅਤੇ ਤੁਰ੍ਹੀ ਵਜਾਉਣੀ ਹੈ!** ਪੰਜਾਬੀ ਦੇ ਸ਼ਬਦ 'ਹਾਇ' ਅਤੇ ਇਸ ਦਾ ਯੂਨਾਨੀ ਸਮਾਨਾਰਥੀ ਦੋਹਾਂ ਦੀ . . . ਉਦਾਸੀ ਅਤੇ ਸੋਗ ਭਰੀ ਅਵਾਜ਼ ਹੈ।"[28] ਪਰਕਾਸ਼ ਦੀ ਪੋਥੀ ਵਿੱਚ, ਧਰਤੀ ਦੇ ਵਾਸੀ ਗੈਰ-ਮਸੀਹੀ ਲੋਕ - ਅਰਥਾਤ ਗੈਰ-ਵਿਸ਼ਵਾਸੀ ਲੋਕ ਹਨ, ਜਿਨ੍ਹਾਂ ਦੇ "ਮੋਹ" ਧਰਤੀ ਉੱਤੇ ਲੱਗੇ ਹੋਏ ਹਨ (ਕੁਲੁੱਸੀਆਂ 3:2; KJV)। ਤਿੰਨ "ਹਾਇ" ਆਖ਼ਰੀ ਤੁਰ੍ਹੀਆਂ ਦਾ ਹਵਾਲਾ ਦਿੰਦੀਆਂ ਹਨ (ਵੇਖੋ 9:12; 11:14)। ਪਹਿਲੀਆਂ ਚਾਰ ਤੁਰ੍ਹੀਆਂ ਭਾਵੇਂ ਕਿੰਨੀਆਂ ਵੀ ਵਿਨਾਸ਼ਕਾਰੀ ਸਨ, ਸਭ ਤੋਂ ਬੱਦਤਰ ਹਾਲੇ ਆਉਣ ਵਾਲਾ ਸੀ!

## ਪ੍ਰਾਸੰਗਿਕਤਾ

### ਸੰਤਾਂ ਦੀਆਂ ਪ੍ਰਾਰਥਨਾਵਾਂ (8:1-6)

ਥੋਮਸ ਟੋਰੈਂਸ ਦੁਆਰਾ ਵਰਤਿਆ ਗਿਆ ਇੱਕ ਵਾਕ 8:1-6 ਤੇ ਪਾਠ ਦੇ ਲਈ ਇੱਕ ਚੰਗਾ

ਸਿਰਲੇਖ ਬਣਾਵੇਗਾ: "ਸੰਤਾਂ ਦੀਆਂ ਪ੍ਰਾਰਥਨਾਵਾਂ ਅਤੇ ਪਰਮੇਸ਼ੁਰ ਦੀ ਅੱਗ।"[29] ਅਰਲ ਪਾਮਰ ਕੋਲ ਇੱਕ ਜਬਰਸਦਤ ਸਿਰਲੇਖ ਸੀ: "ਖਾਮੋਸ਼ੀ ਅਤੇ ਅਵਾਜ਼।"[30] ਵਿਲੀਅਮ ਬਾਰਕਲੇਅ ਨੇ ਇਸ ਵਾਕ ਦੀ ਵਰਤੋਂ ਕੀਤੀ "ਖਾਮੋਸ਼ੀ ਅਤੇ ਪ੍ਰਾਰਥਨਾ ਦੀ ਗੜਗੜਾਹਟ।"[31]

**ਤਿਆਰੀ ਅਤੇ ਪ੍ਰਾਰਥਨਾ (8:1-6)**

ਤਿਆਰੀ ਦੀ ਮਹੱਤਤਾ ਪਰਕਾਸ਼ ਦੀ ਪੋਥੀ 8:1-6 ਦਾ ਕੇਂਦਰੀ ਭਾਵ ਹੈ। ਪਰਮੇਸ਼ੁਰ ਇਸ ਭਾਗ ਨੂੰ ਸਾਡੇ ਮਨਾਂ ਨੂੰ ਸੱਤ ਤੁਰ੍ਹੀਆਂ ਦੇ ਵੱਜਣ ਲਈ ਤਿਆਰ ਕਰਨ ਵਾਸਤੇ ਇਸਤੇਮਾਲ ਕਰਦਾ ਹੈ; ਉਸੇ ਤਰ੍ਹਾਂ, ਸਾਨੂੰ ਹਰੇਕ ਉਚਿਤ ਕੰਮ ਦੇ ਲਈ ਤਿਆਰੀ ਕਰਨ ਦੀ ਲੋੜ ਹੈ।

ਬੰਦ ਵਿੱਚ ਪ੍ਰਾਰਥਨਾ ਤੇ ਇੱਕ ਸ਼ਕਤੀਸ਼ਾਲੀ ਸੰਦੇਸ਼ ਵੀ ਜੜਿਆ ਗਿਆ ਹੈ। ਇਹ ਲਿਖਤ ਸਾਨੂੰ ਸਿਖਾਉਂਦੀ ਹੈ ਕਿ ਜਦੋਂ ਮਸੀਹੀ ਲੋਕ ਪ੍ਰਾਰਥਨਾ ਕਰਦੇ ਹਨ, ਨਾ ਸਿਰਫ ਪਰਮੇਸ਼ੁਰ ਪ੍ਰਾਰਥਨਾ ਨੂੰ ਸੁਣਦਾ ਹੈ, ਨਾ ਸਿਰਫ ਪਰਮੇਸ਼ੁਰ ਪਰਸੰਨ ਹੁੰਦਾ ਹੈ, ਪਰ ਪਰਮੇਸ਼ੁਰ *ਜਵਾਬ ਦੀ ਦਿੰਦਾ* ਹੈ। ਪਰਮੇਸ਼ੁਰ ਸਾਡੀਆਂ ਪ੍ਰਾਰਥਨਾਵਾਂ ਦਾ ਉੱਤਰ ਦਿੰਦਾ ਹੈ। ਯਿਸੂ ਨੇ ਕਿਹਾ ਹੈ, "ਮੰਗੋ ਤਾਂ ਤੁਹਾਨੂੰ ਦਿੱਤਾ ਜਾਵੇਗਾ। ਢੂੰਢੋ ਤਾਂ ਤੁਹਾਨੂੰ ਲੱਭੇਗਾ। ਖੜਕਾਓ ਤਾਂ ਤੁਹਾਡੇ ਲਈ ਖੋਲ੍ਹਿਆ ਜਾਵੇਗਾ" (ਮੱਤੀ 7:7)। ਯਾਕੂਬ ਨੇ ਲਿਖਿਆ, "ਧਰਮੀ ਪੁਰਖ ਦੀ ਬੇਨਤੀ ਤੋਂ ਬਹੁਤ ਅਸਰ ਹੁੰਦਾ ਹੈ" (ਯਾਕੂਬ 5:16)। ਯੂਹੰਨਾ ਨੇ ਸਪੱਸ਼ਟ ਤੌਰ ਤੇ ਕਿਹਾ ਹੈ ਕਿ "ਜੋ ਕੁਝ ਅਸੀਂ ਮੰਗਦੇ ਹਾਂ ਸੋ ਓਸ ਤੋਂ ਸਾਨੂੰ ਮਿਲਦਾ ਹੈ" (1 ਯੂਹੰਨਾ 3:22)। ਉਸ ਨੇ ਇਹ ਵੀ ਕਿਹਾ ਹੈ,

> ਅਤੇ ਉਹ ਦੇ ਅੱਗੇ ਜੋ ਸਾਨੂੰ ਦਿਲੇਰੀ ਹੈ ਸੋ ਇਹ ਹੈ ਭਈ ਜੇ ਅਸੀਂ ਉਹ ਦੀ ਇੱਛਿਆ ਦੇ ਅਨੁਸਾਰ ਕੁਝ ਮੰਗਦੇ ਹਾਂ ਤਾਂ ਉਹ ਸਾਡੀ ਸੁਣਦਾ ਹੈ। ਅਤੇ ਜੇ ਅਸੀਂ ਜਾਣਦੇ ਹਾਂ ਭਈ ਜੋ ਕੁਝ ਮੰਗਦੇ ਹਾਂ ਉਹ ਸਾਡੀ ਸੁਣਦਾ ਹੈ ਤਾਂ ਏਹ ਵੀ ਜਾਣਦੇ ਹਾਂ ਭਈ ਮੰਗੀਆਂ ਹੋਈਆਂ ਵਸਤਾਂ ਜਿਹੜੀਆਂ ਅਸਾਂ ਓਸ ਤੋਂ ਮੰਗੀਆਂ ਹਨ ਓਹ ਸਾਨੂੰ ਪਰਾਪਤ ਹੋ ਜਾਂਦੀਆਂ ਹਨ (1 ਯੂਹੰਨਾ 5:14, 15)।

ਪਰਕਾਸ਼ ਦੀ ਪੋਥੀ 8:1-6 ਵੱਖ-ਵੱਖ ਲੇਖਕਾਂ ਨੂੰ ਪ੍ਰਾਰਥਨਾ ਤੇ ਹੇਠ ਲਿਖੀਆਂ ਟਿੱਪਣੀਆਂ ਦੇਣ ਦੇ ਲਈ ਪ੍ਰੇਰਣਾ ਦਿੱਤੀ:

> [ਪ੍ਰਾਰਥਨਾ ਮਸੀਹੀ ਵਿਅਕਤੀ ਦੀ] ਪਰਮੇਸ਼ੁਰ ਦੇ ਰਾਜ ਵਿੱਚ ਸਿੱਧੀ ਭਾਗੀਦਾਰੀ ਦਾ ਇੱਕ ਰੂਪ ਹੈ।[32]

> ਧਰਤੀ ਉੱਤੇ ਸਭ ਤੋਂ ਵੱਧ ਸ਼ਕਤੀਸ਼ਾਲੀ ਪ੍ਰਭਾਵ ਪ੍ਰਾਰਥਨਾ ਦਾ ਹੈ ਅਤੇ ਧਰਤੀ ਦੀਆਂ ਅਜਿਹੀਆਂ ਕੋਈ ਵੀ ਮਹੱਤਵਪੂਰਣ ਘਟਨਾਵਾਂ ਨਹੀਂ ਹਨ ਜੋ ਮਸੀਹੀ ਪ੍ਰਾਰਥਨਾਵਾਂ ਦੇ ਲਈ ਕਿਸੇ ਸੰਬੰਧ ਨੂੰ ਨਹੀਂ ਸੰਭਾਲਦੀਆਂ, ਭਾਵੇਂ ਉਹ ਮਨੁੱਖਾਂ ਦੁਆਰਾ ਧਿਆਨ ਯੋਗ ਹੋਵੇ ਜਾਂ ਨਾ ਹੋਵੇ।[33]

> [ਸ਼ਤਾਨ ਨਾਲ ਯੁੱਧ ਵਿੱਚ,] ਮਸੀਹੀ ਵਿਅਕਤੀ ਦਾ ਗੁਪਤ ਹਥਿਆਰ ਨਿਹਚਾ ਦੀ ਪ੍ਰਾਰਥਨਾ ਦੇ ਪ੍ਰਤੀ ਰੱਬੀ ਜਵਾਬ [ਹੈ]।[34]

> [ਜਦੋਂ ਕਸ਼ਟ ਆਉਂਦਾ ਹੈ,] ਪ੍ਰਾਰਥਨਾ . . . ਸਭ ਤੋਂ ਵੱਧ ਵਿਹਾਰਕ ਚੀਜ਼ ਹੈ ਜੋ ਕੋਈ ਵੀ ਵਿਅਕਤੀ ਕਰ ਸਕਦਾ ਹੈ।[35]

ਜ਼ਬੂਰ ਲਿਖਣ ਵਾਲੇ ਦਾਊਦ ਨੇ ਪਰਮੇਸ਼ੁਰ ਦੇ ਅੱਗੇ ਆਪਣੇ ਦਿਲ ਨੂੰ ਉਂਡੇਲ ਦਿੱਤਾ:

ਮੇਰੀ ਵੱਲ ਧਿਆਨ ਕਰ ਅਤੇ ਮੈਨੂੰ ਉੱਤਰ ਦੇਹ!
ਮੈਂ ਆਪਣੀ ਫਰਿਆਦ ਵਿੱਚ ਬੇਚੈਨ ਰਹਿੰਦਾ ਹਾਂ,
ਅਤੇ ਮੈਂ ਹੂੰਗਦਾ ਰਹਿੰਦਾ ਹਾਂ,
ਵੈਰੀ ਦੀ ਅਵਾਜ਼ ਦੇ ਕਾਰਨ,
ਅਤੇ ਦੁਸ਼ਟ ਦੇ ਦਬਾਓ ਦੇ ਕਾਰਨ,
ਕਿਉਂ ਜੋ ਓਹ ਮੇਰੇ ਉੱਤੇ ਬਦੀ ਲੱਦਦੇ ਹਨ,
ਅਤੇ ਕ੍ਰੋਧ ਨਾਲ ਮੈਨੂੰ ਸਤਾਉਂਦੇ ਹਨ।
ਮੇਰਾ ਦਿਲ ਮੇਰੇ ਅੰਦਰ ਬਹੁਤ ਦੁਖੀ ਹੈ,
ਅਤੇ ਮੌਤ ਦਾ ਭੈ ਮੇਰੇ ਉੱਤੇ ਆ ਪਿਆ ਹੈ।
ਡਰ ਅਤੇ ਥਰਥਰਾਹਟ ਮੈਨੂੰ ਪੈ ਗਈ ਹੈ,
ਅਤੇ ਹੌਲ ਨੇ ਮੈਨੂੰ ਦਬਾ ਲਿਆ ਹੈ।
ਤਾਂ ਮੈਂ ਆਖਿਆ, ਕਾਸ਼ ਕਿ ਮੈਨੂੰ ਕਬੂਤਰ ਜੇਹੇ ਖੰਭ ਮਿਲਦੇ,
ਤਾਂ ਮੈਂ ਉੱਡ ਜਾਂਦਾ ਤੇ ਅਰਾਮ ਪਾਉਂਦਾ! (ਜ਼ਬੂਰ 55:2-6)।

ਕੀ ਤੁਸੀਂ ਵੀ ਕਦੇ ਦਾਊਦ ਦੇ ਵਾਂਗ ਮਹਿਸੂਸ ਕੀਤਾ ਹੈ, ਜੀਵਨ ਦੁਆਰਾ ਪੂਰੀ ਤਰ੍ਹਾਂ ਹੌਲ ਨਾਲ ਦੱਬੇ ਹੋਏ? ਉਸ ਤਰੀਕੇ ਨੂੰ ਸੁਣੋ ਜਿਸ ਦੇ ਨਾਲ ਜ਼ਬੂਰ ਲਿਖਣ ਵਾਲੇ ਨੇ ਆਪਣੀ ਨਿਹਚਾ ਨੂੰ ਪਰਗਟ ਕੀਤਾ ਜਦੋਂ ਉਸ ਨੇ ਆਪਣੀ ਗੱਲ ਨੂੰ ਜਾਰੀ ਰੱਖਿਆ: ". . . ਮੈਂ ਪਰਮੇਸ਼ੁਰ ਨੂੰ ਪੁਕਾਰਾਂਗਾ, ਅਤੇ ਯਹੋਵਾਹ ਮੈਨੂੰ ਬਚਾ ਲਵੇਗਾ। . . . ਉਹ ਮੇਰੀ ਅਵਾਜ਼ ਸੁਣੇਗਾ" (ਜ਼ਬੂਰ 55:16, 17)। ਉਸ ਨੇ ਕੀ ਸਿੱਟਾ ਕੱਢਿਆ ਸੀ? "ਆਪਣਾ ਭਾਰ ਯਹੋਵਾਹ ਉੱਤੇ ਸੁੱਟ, ਅਤੇ ਉਹ ਤੈਨੂੰ ਸੰਭਾਲੇਗਾ, ਓਹ ਧਰਮੀ ਨੂੰ ਕਦੇ ਡੋਲਣ ਨਾ ਦੇਵੇਗਾ" (ਜ਼ਬੂਰ 55:22)। ਦਾਊਦ ਸਾਡੀ ਲਿਖਤ ਦੀਆਂ ਮੂਲ ਸੱਚਾਈਆਂ ਨੂੰ ਸਮਝ ਗਿਆ ਸੀ: ਜਦੋਂ ਪਰਮੇਸ਼ੁਰ ਦੇ ਲੋਕ ਪ੍ਰਾਰਥਨਾ ਕਰਦੇ ਹਨ, ਪਰਮੇਸ਼ੁਰ ਸੁਣਦਾ ਹੈ, ਪਰਮੇਸ਼ੁਰ ਪਰਸੰਨ ਹੁੰਦਾ ਹੈ ਅਤੇ ਪਰਮੇਸ਼ੁਰ ਉੱਤਰ ਦਿੰਦਾ ਹੈ।

ਇਨ੍ਹਾਂ ਮਹਾਨ ਸੱਚਾਈਆਂ ਨੂੰ ਸਵੀਕਾਰ ਕਰਨਾ ਸਾਡੇ ਜੀਵਨਾਂ ਨੂੰ ਪ੍ਰਭਾਵਿਤ ਕਰੇਗਾ। ਇਸ ਦਾ ਇੱਕ ਨਤੀਜਾ ਇਹ ਹੋਵੇਗਾ ਕਿ ਅਸੀਂ ਜ਼ਿਆਦਾ ਤੋਂ ਜ਼ਿਆਦਾ ਪ੍ਰਾਰਥਨਾ ਕਰਾਂਗੇ। ਦੂਜਾ ਨਤੀਜਾ ਇਹ ਹੋਵੇਗਾ ਕਿ ਅਸੀਂ ਇਹ ਨਿਸ਼ਚਤ ਕਰਨ ਦੇ ਲਈ ਸਾਡਾ ਪਰਮੇਸ਼ੁਰ ਨਾਲ ਰਿਸ਼ਤਾ ਸਹੀ ਹੈ ਜਾਂ ਨਹੀਂ ਆਪਣੇ ਜੀਵਨਾਂ ਨੂੰ ਜਾਚਾਂਗੇ। "ਦੁਸ਼ਟਾਂ ਕੋਲੋਂ ਯਹੋਵਾਹ ਦੂਰ ਹੈ, ਪਰ ਉਹ ਧਰਮੀਆਂ ਦੀ ਪ੍ਰਾਰਥਨਾ ਸੁਣਦਾ ਹੈ" (ਕਹਾਉਤਾਂ 15:29)। ਇਸ ਤੋਂ ਪਹਿਲਾਂ ਕਿ ਤੁਸੀਂ ਪਰਮੇਸ਼ੁਰ ਨੂੰ "ਪਿਤਾ" ਕਹਿ ਕੇ ਪੁਕਾਰੋ" ਤੁਹਾਨੂੰ ਜਲ ਅਰ ਆਤਮਾ ਤੋਂ ਨਵੇਂ ਸਿਰਿਓਂ ਜਨਮ ਲੈਣਾ ਪਵੇਗਾ (ਯੂਹੰਨਾ 3:3, 5); ਤੁਹਾਨੂੰ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਡੁਬਕੀ ਦਾ ਬਪਤਿਸਮਾ ਲੈਣ ਪਵੇਗਾ (ਰਸੂਲਾਂ ਦੇ ਕਰਤੱਬ 2:38)।

**ਸੁਰਗ ਵਿੱਚ ਚੁੱਪਚਾਣ (8:1)**

ਰਸੂਲ ਯੂਹੰਨਾ ਨੇ ਲਿਖਿਆ, "ਜਾਂ ਸੱਤਵੀਂ ਮੋਹਰ ਉਹ ਨੇ ਤੋੜੀ ਤਾਂ ਸੁਰਗ ਵਿੱਚ ਅੱਧੇਕੁ ਘੰਟੇ ਤੀਕ ਚੁੱਪਚਾਣ ਰਹੀ" (ਆਇਤ 1)। ਕਾਫੀ ਸਾਲ ਪਹਿਲਾਂ, ਹਬੱਕੂਕ ਨਬੀ ਨੇ ਲਿਖਿਆ ਸੀ, "ਯਹੋਵਾਹ ਆਪਣੀ ਪਵਿੱਤਰ ਹੈਕਲ ਵਿੱਚ ਹੈ, ਸਾਰੀ ਧਰਤੀ ਉਹ ਦੇ ਅੱਗੇ ਚੁੱਪ ਰਹੇ" (ਹਬੱਕੂਕ

2:20)। ਜੇਕਰ ਸਮੇਂ-ਸਮੇਂ ਤੇ ਸੁਰਗ ਵਿੱਚ ਚੁੱਪਚਾਣ ਸੀ, ਤਾਂ ਕਈ ਵਾਰ ਸਾਨੂੰ ਧਰਤੀ ਤੇ ਕਿੰਨੀ ਜ਼ਿਆਦਾ ਚੁੱਪਚਾਣ ਦੀ ਲੋੜ ਹੁੰਦੀ ਹੈ! ਉਹ ਸਮੇਂ ਜਿਨ੍ਹਾਂ ਵਿੱਚ ਅਸੀਂ ਧਰਤੀ ਉੱਤੇ ਰਹਿੰਦੇ ਹਾਂ ਨਿਰਾਸ਼ਾਵਾਂ ਅਤੇ ਸਮਾਂ-ਸਾਰਣੀਆਂ ਨਾਲ ਭਰੇ ਹੁੰਦੇ ਹਨ। ਅਸੀਂ ਇੱਕ ਥਾਂ ਤੋਂ ਦੂਜੀ ਥਾਂ ਤੇ ਜਾਣ ਵਿੱਚ ਕਾਹਲੀ ਕਰਦੇ ਹਾਂ, ਸੋਚਣ ਦੇ ਲਈ ਇੱਕ ਪਲ ਵੀ ਨਹੀਂ ਲੈਂਦੇ। *ਵਿੰਡੋਜ਼ ਇੰਟੂ ਦ ਫਿਊਚਰ* ਨਾਂਅ ਦੀ ਪੁਸਤਕ ਵਿੱਚ, ਮੀਅਰ ਪਰਲਮੈਨ ਨੇ ਸਪੱਸ਼ਟ ਰੂਪ ਵਿੱਚ ਚੁੱਪਚਾਪ ਰਹਿ ਕੇ ਧਿਆਨ ਜਾਂ ਮਨਨ ਕਰਨ ਦੀ ਸਾਡੀ ਲੋੜ ਨੂੰ ਦਰਸਾਇਆ ਹੈ:

> ਇੱਕ ਵਿਦਵਾਨ ਪ੍ਰੋਫੈਸਰ ਅਤੇ ਇੱਕ ਭਗਤ ਕਵੇਕਰ ਬਾਰੇ ਕਹਾਣੀ ਸੁਣਾਈ ਜਾਂਦੀ ਹੈ। ਪ੍ਰੋਫੈਸਰ ਦਿਨ ਦੇ ਹਰ ਘੰਟੇ ਵਿੱਚ ਕੁਝ ਨਾ ਕੁਝ ਕਰਨ ਵਿੱਚ ਵਿਸ਼ਵਾਸ ਕਰਦਾ ਸੀ, ਇਸ ਲਈ ਉਸ ਦੇ ਸਮੇਂ ਦਾ ਇੱਕ ਵੀ ਮਿੰਟ ਵਿਅਰਥ ਨਹੀਂ ਸੀ ਜਾਂਦਾ। ਬੜੇ ਫ਼ਖਰ ਨਾਲ ਉਹ ਆਪਣੇ ਮਿੱਤਰ ਨੂੰ ਆਪਣੇ ਸਮੇਂ ਦਾ ਇੱਕ-ਇੱਕ ਮਿੰਟ ਦਾ ਵਿਸਤਰਤ ਹਿਸਾਬ ਦਿੰਦਾ ਸੀ। “ਸਵੇਰ ਦਾ ਨਾਸ਼ਤਾ ਅੱਠ ਤੋਂ ਨੌਂ ਵਜੇ ਤੱਕ! ਪੱਤਰ-ਵਿਹਾਰ ਨੌਂ ਤੋਂ ਦੱਸ ਵਜੇ ਤੱਕ! ਮਨੋ ਵਿਗਿਆਨ ਦਸ ਤੋਂ ਗਿਆਰਾਂ ਵਜੇ ਤੱਕ” ਅਤੇ ਇਸ ਤਰ੍ਹਾਂ ਉਸ ਕੋਲ ਪੂਰੇ ਦਿਨ ਦੇ ਕੰਮਾਂ ਦੀ ਸੂਚੀ ਹੁੰਦੀ ਸੀ। ਕਵੇਕਰ ਉਸ ਨੂੰ ਬੜੇ ਧਿਆਨ ਨਾਲ ਸੁਣਦਾ ਰਿਹਾ। . . . ਫਿਰ ਉਹ ਉਸ ਦੇ ਵੱਲ ਮੁੜਿਆ ਅਤੇ ਕਿਹਾ: “ਅਤੇ ਪ੍ਰਾਰਥਨਾ, ਮਿੱਤਰ, ਪ੍ਰਾਰਥਨਾ ਬਾਰੇ ਤੂੰ ਕਦੋਂ ਸੋਚਦਾ?” . . .
>
> ਪੈਨਸਿਲਵੇਨੀਆ ਦੀ ਯੂਨੀਵਰਸਿਟੀ ਦੇ ਮਨੋ ਚਿਕਿਤਸਕ ਡਾਕਟਰ ਐਡਵਰਡ ਏ. ਸਟਰੇਕਰ ਨੇ ਮੈਡੀਸਿਨ ਆਫ਼ ਅਕੈਡਮੀ ਨੂੰ ਕਿਹਾ . . . ।
>
> “ਐਮਾਜੋਨ ਨਦੀ ਦੀਆਂ ਉੱਪਰਲਿਆਂ ਹਿੱਸਿਆਂ ਤੇ . . . ਆਦੀ ਵਾਸੀਆਂ ਦਾ ਇੱਕ ਕਬੀਲਾ ਹੈ ਜਿਹੜਾ ਸਮੇਂ-ਸਮੇਂ ਤੇ ਆਪਣੀਆਂ ਪ੍ਰਚਲਿਤ ਗਤੀਵਿਧੀਆਂ ਨੂੰ ਰੋਕ ਕੇ ਵੱਖ-ਵੱਖ ਸਮੇਂ ਅਵਧੀਆਂ ਲਈ ਧਰਤੀ ਉੱਤੇ ਚੌਂਕੜੀ ਮਾਰ ਕੇ ਪੈਰਾਂ ਭਾਰ ਬੈਠਦਾ ਹੈ। ਨਾ ਤਾਂ ਕੋਈ ਪ੍ਰੇਰਣਾ ਅਤੇ ਨਾ ਕੋਈ ਖ਼ਤਰਾ ਉਨ੍ਹਾਂ ਨੂੰ ਹਿਲਾ ਸਕਦਾ ਜਦੋਂ ਤੱਕ ਕਿ ਨਿਰਧਾਰਤ ਕੀਤਾ ਗਿਆ ਸਮਾਂ ਖਤਮ ਨਹੀਂ ਹੋ ਜਾਂਦਾ। ਉਹ ਆਪਣੀਆਂ ‘ਰੂਹਾਂ ਦੇ ਸਰੀਰਾਂ ਨਾਲ ਮੇਲ ਦੀ ਉਡੀਕ ਕਰ ਰਹੇ ਹਨ।’ ਖੁਦ ਦੇ ਫਾਇਦੇ ਲਈ, ਅੱਜ ਦਾ ਮਨੁੱਖ ਵੀ ਇਸੇ ਤਰ੍ਹਾਂ ਹੀ ਕਰ ਸਕਦਾ ਹੈ।”[36]

### ਪਹਿਲੀਆਂ ਚਾਰ ਤੁਰ੍ਹੀਆਂ (8:7-12)

ਪਹਿਲੀਆਂ ਚਾਰ ਤੁਰ੍ਹੀਆਂ (ਆਇਤਾਂ 7-12) ਤੇ ਪਾਠ ਨੂੰ ਇਹ ਸਿਰਲੇਖ ਦਿੱਤਾ ਜਾ ਸਕਦਾ ਹੈ “ਜਦੋਂ ਪ੍ਰਕਿਰਤੀ ਡਿੱਗ ਪਈ।” ਇੱਕ ਹੋਰ ਸਿਰਲੇਖ ਜੋ ਦਿੱਤਾ ਜਾ ਸਕਦਾ ਹੈ ਉਹ ਹੈ “ਪਰਮੇਸ਼ੁਰ ਦੀਆਂ ਤੁਰ੍ਹੀਆਂ,” ਜਿਸ ਨੂੰ ਸੱਤ ਦੀਆਂ ਸੱਤ ਤੁਰ੍ਹੀਆਂ ਤੇ ਪਾਠ ਦੇ ਲਈ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ। ਹੋਰ ਸਿਰਲੇਖ ਜੋ ਸਾਰੀਆਂ ਤੁਰ੍ਹੀਆਂ ਨੂੰ ਦਿੱਤੇ ਜਾ ਸਕਦੇ ਹਨ ਉਹ ਹਨ “ਧਰਤੀ ਉੱਤੇ ਅੱਗ” (ਹਾਰੋਲਡ ਹੇਜ਼ਲਿਪ) ਅਤੇ “ਤੋਬਾ ਨਾ ਕਰਨ ਵਾਲੀ ਮਨੁੱਖਤਾ ਦਾ ਦੁਖਾਂਤ” (ਐਡਵਰਡ ਮੈਕਡੋਵੈਲ)।

### ਪਰਮੇਸ਼ੁਰ ਕੁਦਰਤੀ ਆਫ਼ਤਾਂ ਰਾਹੀਂ ਮਨੁੱਖਜਾਤੀ ਨੂੰ ਖ਼ਬਰਦਾਰ ਕਰਦਾ ਹੈ (8:7-12)

ਟਿੱਪਣੀਕਾਰ ਪਹਿਲੀਆਂ ਚਾਰ ਤੁਰ੍ਹੀਆਂ ਦੇ ਪ੍ਰਤੀਕਵਾਦ ਵਿੱਚ ਡੂੰਘੇ ਅਰਥ ਲੱਭਣ ਦੇ ਲਈ ਹਿੰਮਤ ਵਾਲੀਆਂ ਕੋਸ਼ਿਸ਼ਾਂ ਕਰਦੇ ਹਨ। ਉਨ੍ਹਾਂ ਦੇ ਸਿੱਟਿਆਂ ਵਿੱਚੋਂ ਕੁਝ ਮੰਨਣਯੋਗ ਹੋ ਸਕਦੇ ਹਨ ਪਰ ਪਹਿਲੀਆਂ ਚਾਰ ਤੁਰ੍ਹੀਆਂ ਨੂੰ ਧਰਤੀ, ਸਮੁੰਦਰ, ਜ਼ਮੀਨ ਦੇ ਪਾਣੀਆਂ ਅਤੇ ਵਾਤਾਵਰਣ ਦੇ ਸੰਬੰਧ ਵਿੱਚ ਸੁਰੱਖਿਅਤ ਕੁਦਰਤੀ ਆਫ਼ਤਾਂ ਦੇ ਤੌਰ ਤੇ ਸੋਚਿਆ ਜਾ ਸਕਦਾ ਹੈ। ਅਜਿਹੀਆਂ

ਆਫ਼ਤਾਂ ਵਿੱਚ ਸ਼ਾਮਲ ਹਨ ਜੰਗਲੀ ਅੱਗਾਂ, ਰੇਤਲਾ ਤੂਫ਼ਾਨ, ਝੱਖੜ, ਹੜ, ਸੋਕੇ, ਬਰਫੀਲੇ ਤੂਫ਼ਾਨ, ਤੂਫ਼ਾਨ, ਜ਼ਮੀਨ ਦਾ ਖਿੱਸਕਣਾ, ਭੁਚਾਲ ਅਤੇ ਫੁੱਟ ਨਿੱਕਲਣ ਵਾਲੇ ਜਵਾਲਾਮੁਖੀ।

ਜਦੋਂ ਇਨ੍ਹਾਂ ਆਫ਼ਤਾਂ ਨੂੰ ਉਸ ਵਿਚਾਰ ਦੇ ਨਾਲ ਸਮਝਿਆ ਜਾਂਦਾ ਹੈ ਕਿ ਤੁਰ੍ਹੀਆਂ ਦਾ ਮੁੱਢਲਾ ਕਾਰਣ ਮਨੁੱਖਾਂ ਨੂੰ ਖ਼ਬਰਦਾਰ ਕਰਨਾ ਸੀ, ਤਾਂ ਇੱਕ ਹੈਰਾਨ ਕਰ ਦੇਣ ਵਾਲੇ ਸਿੱਟੇ ਤੇ ਪਹੁੰਚਿਆ ਜਾਂਦਾ ਹੈ: ਪਰਮੇਸ਼ੁਰ ਮਨੁੱਖਾਂ ਨੂੰ ਤੋਬਾ ਵੱਲ ਲਿਆਉਣ ਦੇ ਲਈ ਕੁਦਰਤੀ ਆਫ਼ਤਾਂ ਦਾ ਇਸਤੇਮਾਲ ਕਰਦਾ ਹੈ।

ਜ਼ਿਆਦਾਤਰ ਲੋਕ ਮੌਸਮ ਦੇ ਬਾਰੇ ਗੱਲ ਕਰਦੇ ਹਨ। ਬਹੁਤ ਸਾਰੇ ਲੋਕ ਮੌਸਮ ਬਾਰੇ ਸ਼ਿਕਾਇਤ ਕਰਦੇ ਹਨ। ਕੁਝ ਇਸ ਦੇ ਬਾਰੇ ਪੂਰਵ ਅਨੁਮਾਨ ਲਗਾਉਣ ਦੀ ਕੋਸ਼ਿਸ਼ ਕਰਦੇ ਹਨ। ਪਰ ਜ਼ਿਆਦਾਤਰ ਲੋਕ ਮੌਸਮ ਤੋਂ ਕੁਝ *ਸਿੱਖਣ* ਵਿੱਚ ਅਸਫ਼ਲ ਹੋ ਜਾਂਦੇ ਹਨ। ਸਾਡੀ ਮੂਲ ਲਿਖਤ ਐਲਾਨ ਕਰਦੀ ਹੈ ਕਿ ਜਦੋਂ ਮੌਸਮ ਖਰਾਬ ਹੋ ਜਾਂਦਾ ਹੈ, ਤਾਂ ਪਰਮੇਸ਼ੁਰ ਸਾਨੂੰ ਕੁਝ ਨਾ ਕੁਝ ਸਿਖਾਉਣ ਦੀ ਕੋਸ਼ਿਸ਼ ਕਰ ਰਿਹਾ ਹੁੰਦਾ ਹੈ। ਉਦਾਹਰਣ ਦੇ ਲਈ, ਉਹ ਚਾਹੁੰਦਾ ਹੈ ਕਿ ਅਸੀਂ ਪਾਪ ਦੇ ਦੂਰਗਾਮੀ ਪ੍ਰਭਾਵਾਂ ਨੂੰ ਸਮਝੀਏ। ਜਦੋਂ ਆਦਮ ਨੇ ਪਾਪ ਕੀਤਾ, ਪਰਮੇਸ਼ੁਰ ਨੇ ਉਸ ਨੂੰ ਆਖਿਆ, "ਜ਼ਮੀਨ ਤੇਰੇ ਕਾਰਨ ਸਰਾਪਤ ਹੋਈ" (ਉਤਪਤ 3:17)। ਉਸ ਸਰਾਪ ਦੇ ਪਰਿਣਾਮ ਅੱਜ ਵੀ ਲਾਗੂ ਹਨ। ਇਸ ਅਧਿਐਨ ਵਿੱਚ ਕੁਦਰਤ ਦੀਆਂ ਸ਼ਰੇਣੀਆਂ ਐਲਾਨ ਕਰਦੀਆਂ ਹਨ ਕਿ ਸਾਡੇ ਹੇਠਾਂ ਧਰਤੀ, ਸਾਡੇ ਉੱਪਰ ਅਕਾਸ਼ ਅਤੇ ਸਾਡੇ ਆਲੇ-ਦੁਆਲੇ ਜੋ ਚੀਜ਼ਾਂ ਹਨ ਪਾਪ ਦੇ ਦੁਆਰਾ ਦੂਸ਼ਿਤ ਹੋ ਚੁੱਕੀਆਂ ਹਨ। ਹੇਲੀ ਨੇ ਲਿਖਿਆ, "ਪਰਮੇਸ਼ੁਰ ਨੇ ਮਨੁੱਖ ਦੇ ਲਾਭ ਅਤੇ ਵਰਤੋਂ ਲਈ ਚੰਗੀ ਧਰਤੀ ਨੂੰ ਰਚਿਆ ਸੀ ਅਤੇ ਇਸ ਦੇ ਵਿੱਚੋਂ ਮਨੁੱਖ ਦੇ ਜੀਵਨ ਦਾ ਨਿਰਵਾਹ ਹੁੰਦਾ ਹੈ। ਪਰ ਮਨੁੱਖ ਨੇ ਧਰਤੀ ਦੀ ਦੁਰਵਰਤੋਂ ਕੀਤੀ ਹੈ ਅਤੇ ਹੁਣ ਇਹ ਪਾਪ ਦੇ ਦੁਆਰਾ ਪ੍ਰਭਾਵਿਤ ਹੋ ਗਈ ਹੈ; ਇਹ ਅੱਧ-ਅਧੂਰੀ ਬਰਬਾਦ ਹੋ ਚੁੱਕੀ ਹੈ ਅਤੇ ਉਸ ਦੀ ਦੁਸ਼ਮਣ ਬਣ ਗਈ ਹੈ।"[37] ਜਿਵੇਂ ਕਿ ਕੁਝ ਇਸ ਗੱਲ ਦੀ ਗਵਾਹੀ ਦੇ ਸਕਦੇ ਹਨ, ਕੁਦਰਤ ਹਮੇਸ਼ਾ ਜੀਵਨ ਦੀ ਰੱਖਿਅਕ ਨਹੀਂ ਹੈ; ਕਈ ਵਾਰ ਇਹ ਜੀਵਨ ਨੂੰ ਨਾਸ ਕਰਨ ਵਾਲੀ ਹੁੰਦੀ ਹੈ। ਪਾਪ ਵਿਰੋਧੀ ਤੌਰ ਤੇ ਹਰੇਕ ਚੀਜ਼ ਜਿਸ ਨੂੰ ਇਹ ਛੋਹੰਦਾ ਹੈ ਪ੍ਰਭਾਵਿਤ ਕਰਦਾ ਹੈ।

ਇਸ ਤੋਂ ਇਲਾਵਾ, ਪਰਮੇਸ਼ੁਰ ਸਾਨੂੰ ਚੇਤੇ ਕਰਾਵੇਗਾ ਕਿ ਇਹ ਸੰਸਾਰ ਸਾਡਾ ਘਰ ਨਹੀਂ ਹੈ। ਜਦੋਂ ਸੂਰਜ ਚਮਕ ਰਿਹਾ ਹੁੰਦਾ ਹੈ, ਅਕਾਸ਼ ਨੀਲਾ ਹੁੰਦਾ ਹੈ, ਠੰਡੀਆਂ-ਠੰਡੀਆਂ ਹਵਾਵਾਂ ਚੱਲ ਰਹੀਆਂ ਹੁੰਦੀਆਂ ਹਨ ਅਤੇ ਪੰਛੀ ਗੀਤ ਗਾ ਰਹੇ ਹੁੰਦੇ ਹਨ, ਹੋ ਸਕਦਾ ਹੈ ਕਿ ਅਸੀਂ ਹਮੇਸ਼ਾ ਲਈ ਇਸ ਧਰਤੀ ਉੱਤੇ ਰਹਿਣ ਦੀ ਇੱਛਾ ਕਰੀਏ। ਫਿਰ ਅਕਾਸ਼ ਕਾਲਾ ਪੈ ਜਾਂਦਾ ਹੈ, ਬਹੁਤ ਤੇਜ਼ ਹਵਾ ਚੱਲਣੀ ਸ਼ੁਰੂ ਹੋ ਜਾਂਦੀ ਹੈ ਅਤੇ ਹਵਾ ਉੱਡਣ ਵਾਲੇ ਮਲਬੇ ਅਤੇ ਬੇਕਾਰ ਜਾਂ ਟੁੱਟੇ-ਫੁੱਟੇ ਪਦਾਰਥਾਂ ਨਾਲ ਭਰ ਜਾਂਦੀ ਹੈ ਅਤੇ ਫਿਰ ਸਾਨੂੰ ਚੇਤੇ ਆਉਂਦਾ ਹੈ ਕਿ ਅਸੀਂ "ਧਰਤੀ ਉੱਤੇ ਓਪਰੇ ਅਤੇ ਪਰਦੇਸੀ ਹਾਂ" (ਇਬਰਾਨੀਆਂ 11:13)। ਅਜਿਹੇ ਪਲਾਂ ਵਿੱਚ, ਅਸੀਂ ਪੁਰਾਣੇ ਗੀਤ ਦੇ ਸ਼ਬਦਾਂ ਨੂੰ ਹੋਰ ਵੀ ਜ਼ਿਆਦਾ ਸਮਝ ਦੇ ਨਾਲ ਗਾਉਂਦੇ ਹਾਂ "ਇਹ ਦੁਨੀਆ ਮੇਰਾ ਘਰ ਨਹੀਂ ਹੈ (ਮੈਂ ਸਿਰਫ ਇੱਥੇ ਥੋੜ੍ਹਾ ਸਮਾਂ ਗੁਜਾਰ ਰਿਹਾ ਹਾਂ)।"[38] ਸਾਡੇ ਦਿਲ ਫਿਰ "ਪ੍ਰਭੂ ਕੋਲ ਜਾ ਵੱਸਣ ਲਈ" ਤਰਸਦੇ ਹਨ (2 ਕੁਰਿੰਥੀਆਂ 5:8)।

ਸਭ ਤੋਂ ਵੱਧ ਕੇ, ਪਰਮੇਸ਼ੁਰ ਸਾਨੂੰ ਇਹ ਸਿਖਾਵੇਗਾ ਕਿ ਸਿਰਫ ਉਹੋ ਸਾਡਾ ਆਸਰਾ ਹੈ। ਕਈ ਵਾਰ ਲੋਕ ਸੋਚਦੇ ਹਨ ਕਿ ਉਨ੍ਹਾਂ ਦਾ ਜੀਵਨ ਕਾਬੂ ਵਿੱਚ ਹੈ, ਪਰ ਫਿਰ ਉਨ੍ਹਾਂ ਤੇ ਕੋਈ ਨਾ

ਕੋਈ ਆਫ਼ਤ ਆ ਜਾਂਦੀ ਹੈ ਅਤੇ ਸੱਚਾਈ ਪਰਗਟ ਹੋ ਜਾਂਦੀ ਹੈ: ਉਹ ਕਾਬੂ ਵਿੱਚ *ਨਹੀਂ* ਹਨ। ਸਾਡੀ ਮੂਲ ਲਿਖਤ ਅਤੇ ਅੱਜ ਦੀਆਂ ਸੁਰਖੀਆਂ ਇਹ ਐਲਾਨ ਕਰਦੀਆਂ ਹਨ ਕਿ ਧਰਤੀ ਉੱਤੇ, ਸਮੁੰਦਰ ਉੱਤੇ, ਜਾਂ ਹਵਾਂ ਵਿੱਚ ਕੋਈ ਸੁਰੱਖਿਆ ਨਹੀਂ ਹੈ; ਸੰਸਾਰ ਵਿੱਚ ਕਿਤੇ ਵੀ ਕੁਦਰਤੀ ਆਫ਼ਤਾਂ ਆ ਸਕਦੀਆਂ ਹਨ। ਇਸ ਲਈ, ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਉਸ ਦੇ ਵੱਲ ਭੱਜੀਏ ਜਿਹੜਾ "ਸਾਡੀ ਪਨਾਹ ਅਤੇ ਸਾਡਾ ਬਲ ਹੈ, ਉਹ ਦੁਖਾਂ ਵਿੱਚ ਵੱਡਾ ਸਹਾਇਕ ਹੋਇਆ ਹੈ" (ਜ਼ਬੂਰ 46:1)।

ਅਖ਼ਬਾਰਾਂ ਵਿੱਚ ਹਰ ਰੋਜ਼ ਸੰਸਾਰ ਵਿੱਚ ਕਿਤੇ ਨਾ ਕਿਤੇ ਕੁਦਰਤੀ ਆਫ਼ਤਾਂ ਦੀਆਂ ਸੁਰਖੀਆਂ ਵੇਖਣ ਨੂੰ ਮਿਲਦੀਆਂ ਹਨ; ਅਖ਼ਬਾਰਾਂ ਵਾਲੇ ਰਸਾਲੇ ਬਿਓਰਾ ਦਿੰਦੇ ਹਨ; ਟੈਲੀਵਿਜ਼ਨ ਸਕਰੀਨਾਂ ਸਾਨੂੰ ਉਨ੍ਹਾਂ ਕੁਦਰਤੀ ਆਫ਼ਤਾਂ ਅਤੇ ਉਨ੍ਹਾਂ ਦੇ ਨਤੀਜੇ ਦਾ ਸਭ ਤੋਂ ਪਹਿਲੇ ਚਸ਼ਮਦੀਦ ਗਵਾਹ ਬਣਾਉਂਦੀਆਂ ਹਨ। ਫਿਰ ਵੀ, ਇਨ੍ਹਾਂ ਸਾਰੀਆਂ ਚੀਜ਼ਾਂ ਵਿੱਚੋਂ ਕੋਈ ਵੀ ਜੋ ਸਾਨੂੰ ਸੂਚਿਤ ਨਹੀਂ ਕਰਦੀ ਹੈ ਉਹ ਹੈ ਇਹ ਹੈ ਕਿ ਪਰਮੇਸ਼ੁਰ ਨੇ ਸਾਡਾ ਧਿਆਨ ਆਪਣੀ ਵੱਲ ਖਿੱਚਣ ਲਈ ਇਨ੍ਹਾਂ ਆਫ਼ਤਾਂ ਨੂੰ ਆਉਣ ਦਿੱਤਾ ਹੈ।

ਗਲਤ ਨਾ ਸਮਝਿਓ। ਰੋਮੀਆਂ 2:4 ਐਲਾਨ ਕਰਦੀ ਹੈ, "ਪਰਮੇਸ਼ੁਰ ਦੀ ਮਿਹਰਬਾਨੀ ਤੈਨੂੰ ਪਛਤਾਵੇ ਦੇ ਰਾਹ ਪਾਉਂਦੀ ਹੈ।" ਪਰਮੇਸ਼ੁਰ ਨੇ ਹਜ਼ਾਰਾਂ ਵੱਖ-ਵੱਖ ਤਰੀਕਿਆਂ ਨਾਲ ਆਪਣਾ ਪ੍ਰੇਮ ਵਿਖਾਇਆ ਹੈ, ਆਪਣੇ ਪੁੱਤਰ ਨੂੰ ਘੱਲ ਕੇ ਉਸ ਪ੍ਰੇਮ ਨੂੰ ਸਿਖਰ ਤੇ ਪਹੁੰਚਾਇਆ ਹੈ (ਯੂਹੰਨਾ 3:16) ਅਤੇ ਉਹ ਤਰਜੀਹ ਦਿੰਦਾ ਹੈ ਕਿ ਮਨੁੱਖ ਪ੍ਰੇਮ ਦੇ ਇਨ੍ਹਾਂ ਪ੍ਰਗਟਾਵਿਆਂ ਦਾ ਜਵਾਬ ਦੇਣ। ਫਿਰ ਵੀ, ਜਦੋਂ ਲੋਕ ਚਿੰਤਾ ਦੇ ਉਸ ਦੇ ਪ੍ਰਗਟਾਵਿਆਂ ਨੂੰ ਨਜ਼ਰਅੰਦਾਜ ਕਰਦੇ ਹਨ, ਪਰਮੇਸ਼ੁਰ ਹਾਰ ਨਹੀਂ ਮੰਨਦਾ। ਜਦੋਂ ਬਾਕੀ ਸਾਰੀਆਂ ਚੀਜ਼ਾਂ ਅਸਫ਼ਲ ਹੋ ਜਾਂਦੀਆਂ ਹਨ, ਪਰਮੇਸ਼ੁਰ ਮਨੁੱਖਾਂ ਨੂੰ ਉਨ੍ਹਾਂ ਦੀ ਆਤਮਿਕ ਬੇਸੁਰਤੀ ਤੋਂ ਜਗਾਉਣ ਲਈ ਕਸ਼ਟ ਭੇਜਦਾ ਹੈ।

ਪਰਮੇਸ਼ੁਰ ਉਹ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਜੋ ਸਾਡੇ ਵਿੱਚੋਂ ਜ਼ਿਆਦਾਤਰ ਲੋਕ ਮਾਤਾ-ਪਿਤਾ ਹੋਣ ਦੇ ਨਾਤੇ ਕਰਨ ਦੀ ਕੋਸ਼ਿਸ਼ ਕਰਦੇ ਹਨ: ਆਪਣੇ ਬੱਚਿਆਂ ਨੂੰ ਸਹੀ ਕਰਨ ਦੇ ਲਈ ਪ੍ਰਭਾਵਿਤ ਕਰਨ ਦੇ ਲਈ ਉਪਲਬਧ ਹਰੇਕ ਸਰੋਤ ਦੀ ਵਰਤੋਂ ਕਰਨਾ। ਅਸੀਂ ਆਪਣੇ ਬੱਚਿਆਂ ਨੂੰ ਆਪਣਾ ਪ੍ਰੇਮ ਵਿਖਾਉਂਦੇ ਹਾਂ ਅਤੇ ਅਸੀਂ ਆਸ ਕਰਦੇ ਹਾਂ ਕਿ ਇਹ ਉਨ੍ਹਾਂ ਨੂੰ ਸਹੀ ਰਾਹ ਤੇ ਰੱਖੇਗਾ। ਕਈ ਵਾਰ ਇਸ ਤਰ੍ਹਾਂ ਨਹੀਂ ਹੁੰਦਾ; ਇਸ ਲਈ ਅਸੀਂ ਆਪਣੇ ਬੱਚਿਆਂ ਨੂੰ ਗਲਤੀ ਦੇ ਨਤੀਜਿਆਂ ਬਾਰੇ ਖ਼ਬਰਦਾਰ ਕਰਦੇ ਹਾਂ, – ਜਿਵੇਂ ਕਿ ਪਰਮੇਸ਼ੁਰ ਸਾਨੂੰ ਆਪਣੇ ਵਚਨ ਵਿੱਚ ਖ਼ਬਰਦਾਰ ਕਰਦਾ ਹੈ। ਕਦੀ-ਕਦੀ ਤਾਂ ਉਹ ਵੀ ਕਾਫੀ ਨਹੀਂ ਹੁੰਦਾ। ਫਿਰ ਸਾਨੂੰ ਆਪਣੇ ਬੱਚਿਆਂ ਨੂੰ ਅਨੁਸ਼ਾਸਿਤ ਕਰਨਾ ਪੈਂਦਾ ਹੈ ਇਸ ਲਈ ਨਹੀਂ ਕਿ ਅਸੀਂ ਉਨ੍ਹਾਂ ਨੂੰ ਨਫਰਤ ਕਰਦੇ ਹਾਂ, ਪਰ ਇਸ ਲਈ ਕਿ ਅਸੀਂ ਉਨ੍ਹਾਂ ਨੂੰ ਪ੍ਰੇਮ ਕਰਦੇ ਹਾਂ ਅਤੇ ਚਾਹੁੰਦੇ ਹਾਂ ਕਿ ਉਹ ਵੱਡੇ ਹੋ ਕੇ ਜ਼ਿੰਮੇਵਾਰ ਨਾਗਰਿਕ ਅਤੇ ਵਫ਼ਾਦਾਰ ਮਸੀਹੀ ਲੋਕ ਬਣਨ। ਉਸੇ ਤਰ੍ਹਾਂ, "ਜਿਹ ਦੇ ਨਾਲ ਪਿਆਰ ਕਰਦਾ ਹੈ, ਪ੍ਰਭੂ ਉਹ ਨੂੰ ਤਾੜਦਾ ਹੈ" (ਇਬਰਾਨੀਆਂ 12:6)। ਮਾਈਕਲ ਵਿਲਕੌਕ ਨੇ ਟਿੱਪਣੀ ਕੀਤੀ: "ਕਦੀ ਵੀ ਇਹ ਨਾ ਕਹੋ ਕਿ ਪਰਮੇਸ਼ੁਰ ਨੇ ਮਨੁੱਖਾਂ ਨੂੰ ਸੁਰਤ ਵਿੱਚ ਲਿਆਉਣ ਦੇ ਲਈ ਸਾਰਾ ਕੁਝ ਆਪਣੀ ਸ਼ਕਤੀ ਨਾਲ ਨਹੀਂ ਕੀਤਾ ਸਗੋਂ ਇੱਕ ਵਾਰ ਉਸ ਦੀ ਆਪਣੀ ਸੰਪੂਰਣ ਧਰਤੀ ਦੀ ਤਬਾਹੀ ਵੀ।"[39]

ਤੁਰ੍ਹੀਆਂ ਵਿੱਚ ਸਾਡੇ ਲਈ ਇੱਕ ਸਬਕ ਹੈ। ਜਦੋਂ ਕਸ਼ਟ ਸਾਨੂੰ ਆਪਣੇ ਗੋਡਿਆਂ ਭਾਰ ਹੋਣ

ਲਈ ਮਜ਼ਬੂਰ ਕਰ ਦਿੰਦੇ ਹਨ, ਅਸੀਂ ਉੱਥੇ ਹਾਂ ਜਿੱਥੇ ਪਰਮੇਸ਼ੁਰ ਸਾਨੂੰ ਚਾਹੁੰਦਾ ਹੈ; ਅਸੀਂ ਉਸ ਨੂੰ ਪੁਕਰਾਣ ਦੇ ਲਈ ਸੰਪੂਰਣ ਹਾਲਤ ਵਿੱਚ ਹਾਂ, "ਪਰਮੇਸ਼ੁਰ ਮੈਂ ਪਾਪੀ ਉੱਤੇ ਦਯਾ ਕਰ" (ਲੂਕਾ 18:13; KJV)।

---

## ਟਿੱਪਣੀਆਂ

[1]ਫਰੈਂਕ ਪੈਕ, *ਪਰਕਾਸ਼,* ਭਾਗ 2 (ਔਸਟਿਨ, ਟੈਕਸਾਸ: ਆਰ. ਬੀ. ਸਵੀਟ ਕੰਪਨੀ, 1965), 73. [2]ਜਿਮ ਮੈਕਗਿਊਗਨ, *ਦ ਬੁਕ ਆਫ਼ ਪਰਕਾਸ਼,* ਲੁਕਿੰਗ ਇੰਟੂ ਦ ਬਾਈਬਲ ਸੀਰੀਜ਼ (ਲੱਬੌਕ, ਟੈਕਸਾਸ: ਇੰਟਰਨੈਸ਼ਨਲ ਬਿਬਲੀਕਲ ਰਿਸੋਰਸਸ, 1976), 97-98. [3]ਮਾਰਟਿਨ ਕਿਡਲ, *ਦ ਪਰਕਾਸ਼ ਆਫ਼ ਸੇਂਟ ਜੌਨ,* ਦ ਮੋਫੈਟ ਨਿਊ ਟੈਸਟਾਮੈਂਟ ਕਮੈਂਟਰੀ, ਸੋਧ ਜੇਮਸ ਮੋਫੈਟ (ਨਿਊ ਯਾਰਕ: ਹਾਰਪਰ ਐਂਡ ਬਰੱਦਰਜ਼, ਪਬਲਿਸ਼ਰਜ਼, 1940), 128-29. [4]ਉਸੇ ਸਥਾਨ ਤੇ। [5]ਜੀ. ਆਰ. ਬੈਸਲੀ-ਮੁਰੇ, *ਦ ਬੁਕ ਆਫ਼ ਪਰਕਾਸ਼,* ਦ ਨਿਊ ਸੈਂਚੁਰੀ ਬਾਈਬਲ ਕਮੈਂਟਰੀ, ਸੋਧ ਮੈਥਿਊ ਬਲੈਕ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1974), 150 (ਜ਼ੋਰ ਦਿੱਤਾ ਗਿਆ ਹੈ)। [6]ਵਿਲੀਅਮ ਬਾਰਕਲੇਅ, *ਦ ਪਰਕਾਸ਼ ਆਫ਼ ਜੌਨ,* ਜਿਲਦ 2, ਸੋਧਿਆ ਸੰਸਕਰਣ, ਦ ਡੇਲੀ ਸਟੱਡੀ ਬਾਈਬਲ ਸੀਰੀਜ਼ (ਫਿਲਾਡੈਲਫੀਆ: ਵੈਸਟਮਿੰਸਟਰ ਪ੍ਰੈਸ, 1976), 40. [7]ਪੈਕ, 73. ਯੂਜੀਨ ਐਚ. ਪੀਟਰਸਨ ਦੀ ਲਿਖੀ ਪੁਸਤਕ ਰਿਵਰਸਡ ਥੰਡਰ (ਸੈਨ ਫਰਾਂਸਿਸਕੋ: ਹਾਰਪਰਕੌਲਿਨਜ਼ ਪਬਲਿਸ਼ਰਜ਼, 1988) ਦਾ ਸਫ਼ਾ 87 ਵੀ ਵੇਖੋ। [8]ਰੌਬਰਟ ਐਚ. ਮਾਊਂਸ, *ਦ ਬੁਕ ਆਫ਼ ਪਰਕਾਸ਼,* ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਨਿਊ ਟੈਸਟਾਮੈਂਟ, ਸੋਧ. ਐਫ. ਐਫ. ਬਰੂਸ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1977), 179. *ਚੱਗੀਗਾਹ* 12b ਵੇਖੋ। [9]ਪੀਟਰਸਨ, 93. [10]ਐਲਬਰਟ ਐਚ. ਬਾਲਡਿੰਗਰ, *ਪਰੀਚਿੰਗ ਫਰਾਮ ਪਰਕਾਸ਼: ਟਾਇਮਲੀ ਮੈਸੇਜਸ ਫ਼ਾਰ ਟਰੱਬਲਡ ਹਾਰਟਸ* (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਨਡੇਰਵਨ ਪਬਲਿਸ਼ਿੰਗ ਹਾਊਸ, 1960), 40.

[11]ਪੀਟਰਸਨ, 94. [12]ਮਾਊਂਸ, 157. [13]ਪੈਕ, 74. [14]ਲੀਓਨ ਮੌਰਿਸ, *ਪਰਕਾਸ਼,* ਸੋਧਿਆ ਸੰਸਕਰਣ, ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼, ਸੋਧ. ਲੀਓਨ ਮੌਰਿਸ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1987), 118. [15]ਪੀਟਰਸਨ, 87. [16]ਥੋਮਸ ਐਫ. ਟੋਰੈਂਸ, *ਦਿ ਅਪੋਕਲਿਪਸ ਟੁਡੇ* (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1959), 60-61. [17]ਹੋਮਰ ਹੇਲੀ, *ਪਰਕਾਸ਼* (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1979), 219. [18]ਜੌਰਜ ਐਲਡਨ ਲੈਡ, *ਏ ਕਮੈਂਟਰੀ ਆਨ ਦ ਪਰਕਾਸ਼ ਆਫ਼ ਜੌਨ* (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1972), 124. [19]ਜੀ. ਬੀ. ਕੇਅਰਡ, *ਏ ਕਮੈਂਟਰੀ ਆਨ ਦ ਪਰਕਾਸ਼ ਆਫ਼ ਸੇਂਟ ਜੌਨ ਦ ਡਿਵਾਇਨ,* ਹਾਰਪਰਜ਼ ਨਿਊ ਟੈਸਟਾਮੈਂਟ ਕਮੈਂਟਰੀਜ਼, ਸੋਧ. ਹੈਨਰੀ ਚੈਡਵਿਕ (ਲੰਡਨ: ਐਡਮ ਐਂਡ ਚਾਰਲਸ ਬਲੈਕ, 1966), 112-13. [20]ਰੇਅ ਸੱਮਰਜ਼ ਦੀ ਪੁਸਤਕ *ਵਰਥੀ ਇਜ ਦ ਲੈਂਬ* (ਨੈਸ਼ਵਿਲੇ: ਬਰੋਡਮੈਨ ਪ੍ਰੈਸ, 1951) ਦਾ ਸਫ਼ਾ 155 ਵੇਖੋ।

[21]ਪੀਟਰਸਨ, 98. [22]ਇਸ ਵਿਸਫੋਟ ਦੇ ਵਿਸਤਰਤ ਵਰਣਨ ਲਈ ਸੱਮਰਜ਼ ਦੀ ਪੁਸਤਕ ਦਾ ਸਫ਼ਾ 156 ਵੇਖੋ। [23]ਇਨ੍ਹਾਂ ਦੇ ਵਰਣਨ ਦੇ ਲਈ, ਬਰਟਨ ਕੌਫਮੈਨ ਦੀ ਪੁਸਤਕ *ਕਮੈਂਟਰੀ ਆਨ ਪਰਕਾਸ਼* (ਔਸਟਿਨ, ਟੈਕਸਾਸ: ਫਰਮ ਫਾਊਂਡੇਸ਼ਨ ਪਬਲਿਸ਼ਿੰਗ ਹਾਊਸ, 1979), ਦਾ ਸਫ਼ਾ 187 ਵੇਖੋ। [24]ਬਾਰਕਲੇਅ, 43 (ਜ਼ੋਰ ਦਿੱਤਾ ਗਿਆ ਹੈ)। [25]ਸੀ. ਐਸ. ਲੂਇਸ ਨੇ *ਸਕਰਿਊਟੇਪ ਲੈਟਰਜ਼* (ਨਿਊ ਯਾਰਕ: ਮੈਕਮਿਲਨ ਪਬਲਿਸ਼ਿੰਗ ਕੰਪਨੀ, 1973) ਨਾਂਅ ਦੀ ਆਪਣੀ ਇੱਕ ਪ੍ਰਸਿੱਧ ਪੁਸਤਕ ਵਿੱਚ ਸ਼ਤਾਨ ਦੇ ਤਜਰਬੇਕਾਰ ਸੇਵਕ ਦੇ ਲਈ "ਨਾਗਦਉਣਾ" ਨਾਂਅ ਦਾ ਇਸਤੇਮਾਲ ਕੀਤਾ ਹੈ। [26]ਹੈਨਰੀ ਬੀ. ਸਵੀਟ, *ਦਿ ਅਪੋਕਲਿਪਸ ਆਫ਼ ਸੇਂਟ ਜੌਨ,* ਤੀਜਾ ਸੰਸਕਰਣ (ਲੰਡਨ: ਮੈਕਮਿਲਨ ਕੰਪਨੀ, 1909; ਦੁਬਾਰਾ ਛਪਾਈ, ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1954), 113. [27]ਮੌਰਿਸ, 120. [28]ਮਾਊਂਸ, 329. [29]ਟੋਰੈਂਸ, 61. [30]ਅਰਲ ਪਾਮਰ, *1, 2, 3 ਜੌਨ ਐਂਡ ਪਰਕਾਸ਼,* ਦ ਕਮਿਊਨੀਕੇਟਰਜ਼ ਕਮੈਂਟਰੀ, ਸੋਧ. ਲੋਇਡ ਜੇ. ਓਗਿਲਵੀ, ਜਿਲਦ 12 (ਡਾਲਸ: ਵਰਡ ਪਬਲਿਸ਼ਿੰਗ, 1982), 185-86.

[31]ਬਾਰਕਲੇਅ, 39-41. [32]ਡੀ. ਟੀ. ਨਾਇਲਜ਼, *ਐਜ਼ ਸੀਇੰਗ ਦਿ ਇਨਵਿਜੀਬਲ: ਏ ਸਟੱਡੀ ਆਫ਼ ਦ ਬੁਕ ਆਫ਼ ਪਰਕਾਸ਼* (ਨਿਊ ਯਾਰਕ: ਹਾਰਪਰ ਐਂਡ ਬਰੱਦਰਜ਼, ਪਬਲਿਸ਼ਰਜ਼, 1961), 64. [33]ਕੌਫਮੈਨ, 182. [34]ਹੇਲੀ, 214. [35]ਪੀਟਰਸਨ, 95. [36]ਮੀਅਰ ਪਰਲਮੈਨ, *ਵਿੰਡੋਜ਼ ਇੰਟੂ ਦ ਫਿਊਚਰ: ਡਿਵੋਸ਼ਨਲ ਸਟੱਡੀਜ਼ ਇਨ ਦ ਬੁਕ ਆਫ਼*

*ਪਰਕਾਸ਼* (ਸਪਰਿੰਗਫੀਲਡ, ਮਿਸੋਰੀ: ਗੌਸਪਲ ਪਬਲਿਸ਼ਿੰਗ ਹਾਊਸ, 1941), 80. [37]ਹੇਲੀ, 219. [38]ਐਲਬਰਟ ਈ. ਬਰੁਮਲੀ, ਆਰਕਾਨਸਾਸ, "ਦਿਸ ਵਰਲਡ ਇਜ ਨਾਟ ਮਾਈ ਹੋਮ," *ਸੌਂਗਸ ਆਫ਼ ਦ ਚਰਚ,* ਸੋਧ. ਆਲਟਨ ਐਚ. ਹੋਵਾਰਡ (ਵੈਸਟ ਮੋਨਰੇ, ਲੂਸੀਆਨਾ: ਹੋਵਾਰਡ ਪਬਲਿਸ਼ਿੰਗ ਕੰਪਨੀ, 1977)। [39]ਮਾਈਕਲ ਵਿਲਕੌਕ, *ਦ ਮੈਸੇਜ ਆਫ਼ ਪਰਕਾਸ਼: ਆਈ ਸਾਅ ਹੈਵਨ ਓਪਨਡ,* ਦ ਬਾਈਬਲ ਸਪੀਕਸ ਟੁਡੇ, ਸੋਧ. ਜੌਨ ਆਰ. ਡਬਲਿਯੂ. ਸਟੌਟ (ਡਾਊਨਰਸ ਗਰੋਵ, ਇਲੀਨੋਇਸ: ਇੰਟਰਵਰਸਿਟੀ ਪ੍ਰੈਸ, 1975), 95.